SATJUG
1920 ਤੋਂ ਸਾਲ 99 ਵਾਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

16 ਹਾੜ ਤੋਂ 16 ਸਾਉਣ 2076 ਬ੍ਰਿ.
30 June To 31 July 2019

ਜਿਲਦ 27
ਨੰਬਰ 11
Total Pages 48

ਸ੍ਰੀ ਸਤਿਗੁਰੂ ਜੀ ਵਾਰਸ਼ਿਕ ਵਿਦਿਅਕ ਸੰਮੇਲਨ ਦੌਰਾਨ

Sri Satguru Jagjit Singh Ji Elibrary NamdhariElibrary@gmail.com

Date of Publication: 25-7-2019,
Date of Posting: 26-27 July 2019

RNI NO. 55658/93 Delhi Postal Regd. No. DL(W) 01/2055/18-20

ਸ੍ਰੀ ਸਤਿਗੁਰੂ ਜੀ ਦੇ ਆਸਟ੍ਰੇਲੀਆ (ਮੈਲਬੋਰਨ) ਵਿਖੇ ਸ਼ਾਮ ਨੂੰ ਨਾਮ-ਸਿਮਰਨ ਸਮੇਂ ਦਰਸ਼ਨ ਦਿੰਦੇ ਹੋਏ।

ਸ੍ਰੀ ਸਤਿਗੁਰੂ ਜੀ ਦੇ ਆਸਟ੍ਰੇਲੀਆ (ਮੈਲਬੋਰਨ) ਦੌਰੇ ਸਮੇਂ ਸੰਗਤ ਨਾਲ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.

Sri Satguru Jagjit Singh Ji Elibrary NamdhariElibrary@gmail.com

ਵਾਰਸ਼ਿਕ ਵਿਦਿਅਕ ਸੰਮੇਲਨ ਦੀਆਂ ਝਲਕੀਆਂ 27 ਤੋਂ 30 ਜੂਨ 2019 ਸ੍ਰੀ ਭੈਣੀ ਸਾਹਿਬ

ਸਤਿਜੁਗ

੧੬ ਹਾੜ ਤੋਂ ੧੬ ਸਾਉਣ ੨੦੭੬ ਬ੍ਰਿ.
30 ਜੂਨ ਤੋਂ 31 ਜੁਲਾਈ 2019 ਈ:
ਜਿਲਦ 27, ਵੀਰਵਾਰ ਨੰਬਰ 11

ਸਤਿਜੁਗ:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

Harvendra Singh Hanspal
Suwarn Singh Virk
Gurbhej Singh Guraya
Nishan Singh
Harpal Singh Sewak

Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.

Date of Publication: 25-7-2019,
Date of Posting: 26-27 July 2019
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
A/c: 13101450000043
Ifsc code: HDFC0001310
ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ Usd ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$Usd ਡਾਲਰ

Designed and Typeset
Vishav Namdhari sangat, Sri Bhaini sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000

ਤਤਕਰਾ

* ਸੰਪਾਦਕੀ-- ਸਤਿ ਬਚਨ ਪਿਆਰੇ ਜੋਈ....
  ਹਰਪਾਲ ਸਿੰਘ ਸੇਵਕ....................................4
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ......................7
* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ 7
* ਸ਼ਹੀਦ ਊਧਮ ਸਿੰਘ ਦੁਆਰਾ ਲਿਖੀਆਂ ਗਈਆਂ ਚਿੱਠੀਆਂ
  ਡਾ. ਹਰੀਸ਼ ਕੁਮਾਰ ਪੁਰੀ 8
* ਜਲ ਬੋਲੀਆਂ (ਕਵਿਤਾ)
  ਲਖਵਿੰਦਰ ਸਿੰਘ ਬਾਜਵਾ 12
* ਬ੍ਰਹਮਚਰਯ
  ਗੁਰਬਖਸ਼ ਸਿੰਘ ਪ੍ਰੀਤ ਲੜੀ 13
* ਨਾਮਧਾਰੀ ਪੰਥ ਅਤੇ ਜਗਮੋਹਨ ਸਿੰਘ ਓਸਟਰ ਵਾਲੇ
  ਡਾ. ਰਤਨ ਸਿੰਘ ਜੱਗੀ 15
* ਬੌਰੀਆਂ ਵਾਲਾ
  ਸਵ.ਇੰਦਰ ਸਿੰਘ ਚੱਕਰਵਰਤੀ 16
* *A Saga Of Sri Satguru Jagjit Singh ji*
  Dr. Sharada Jayagovind...............................19
* ਕਾਵਿ ਕਿਆਰੀ 21
* ਅੜਬੰਗੀ (ਨਾਵਲ)
  ਸੰਤ ਇੰਦਰ ਸਿੰਘ ਚੱਕ੍ਰਵਰਤੀ.......................23
* ਸੁੱਚੇ ਮੋਤੀ 25
* ਬੱਚਿਆਂ ਦਾ ਪੰਨਾ...26
* ਖ਼ਬਰਨਾਮਾ...27

Sri Satguru Jagjit Singh Ji Elibrary NamdhariElibrary@gmail.com

੧ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ: (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

ਸਤਿ ਬਚਨ ਪਿਆਰੋ ਜੋਈ....

ਤੁਲਸੀ ਦਾਸ ਜੀ ਇਕ ਦੋਹੇ ਵਿਚ ਸ਼ੁਭ ਸਿੱਖਿਆ ਦੇਂਦੇ ਹਨ-

ਸਤਿ ਬਚਨ ਅਰੁ ਪਿਆਰੋ ਜੋਈ॥ ਬੁਧੀਮਾਨ ਜਨ ਭਾਕਤ ਸੋਈ॥ - ਬੁਧੀਮਾਨ ਸੱਜਣ, ਸਿਆਣੇ ਪੁਰਸ਼ ਹਮੇਸ਼ਾਂ ਬਚਨ ਸੱਚਾ ਕਰਦੇ ਹਨ ਅਤੇ ਉਨ੍ਹਾਂ ਦੇ ਬੋਲ ਪ੍ਰੇਮ-ਰਸ ਭਰੇ ਹੁੰਦੇ ਹਨ। ਗੁਰੂ ਸਾਹਿਬਾਨ ਦੀ ਰਚੀ ਬਾਣੀ ਵੀ ਸੱਚ ਅਤੇ ਪ੍ਰੇਮ ਦਾ ਸੁਮੇਲ ਹੀ ਹੈ। ਸ੍ਰੀ ਨਾਨਕ ਬਾਣੀ ਦਾ ਆਰੰਭ ਹੀ- 'ਆਦਿ ਸੱਚ ਜੁਗਾਦਿ ਸਚ ਹੈ ਭੀ ਸਚ ਨਾਨਕ ਹੋਸੀ ਭੀ ਸਚ'॥ ਤੋਂ ਹੈ। - ਆਦਿ ਜੁਗਾਦੀ ਸੱਚ, ਰੱਬੀ ਬਾਣੀ ਰਾਗਾਂ ਵਿਚ ਰਚੀ ਗਈ ਹੈ, ਰਾਮ ਦਾ ਅਰਥ ਪ੍ਰੇਮ ਵੀ ਹੈ। ਆਦਿ ਗੁਰੂ ਬਾਬਾ, ਸਤਿਗੁਰੂ ਨਾਨਕ ਦੇਵ ਜਦੋਂ ਧਰਤਿ ਲੋਕਾਈ ਨੂੰ ਸੋਧਣ ਲਈ, ਗਿਆਨ ਦਾ, ਸੱਚ ਦਾ ਪ੍ਰਕਾਸ਼ ਕਰਨ ਲਈ, ਚਾਰੇ ਦਿਸ਼ਾਵਾਂ ਵਿਚ ਵਿਚਰੇ, ਸ਼ੰਕਾ ਸਮਾਧਾਨ ਲਈ ਕਿਸੇ ਸਵਾਲ ਕੀਤਾ ਤਾਂ ਗੁਰੂ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਕਹਿਣਾ, ਮਰਦਾਨਿਆਂ ਛੇੜ ਰਬਾਬ; ਗਾ ਕੇ ਜੁਆਬ ਦੇਣਾ, ਇਲਾਹੀ ਬਾਣੀ ਦਾ ਉਚਾਰ ਅਜੇਹੇ ਰੰਗ ਵਿਚ ਕਰਨਾ ਗਿਆਨ ਦਾ ਪ੍ਰਕਾਸ਼ ਹੋ ਜਾਣਾ, ਅਗਿਆਨ ਦੀਆਂ ਦੀਵਾਰਾਂ ਢਹਿ ਢੇਰੀ ਹੋ ਜਾਣੀਆਂ, ਰਾਗ ਰਸ ਦੀ ਸੁਗੰਧੀ ਨਾਲ ਵਾਤਾਵਰਣ ਵਿਚ ਕੋਈ ਇਲਾਹੀ ਸਰੂਰ ਛਾ ਜਾਣਾ। ਕੂੜ ਦੇ ਕਿਲੇ ਸਰ ਹੋ ਜਾਣੇ। ਅਨੇਕਾਂ ਹੀ ਠੱਗ, ਸੱਜਣ ਬਣ ਗਏ, ਦਾਨੀ ਬਣ ਗਏ, ਰਾਕਸ਼ ਦੇਵਤੇ ਬਣ ਗਏ। ਦਾਤੇ, ਭਗਤ ਅਤੇ ਸੂਰਮੇਂ, ਤਪੱਸਵੀ ਅਤੇ ਤਿਆਗੀ, ਗ੍ਰਿਹਸਤ ਵਿਚ ਉਦਾਸੀ ਧਾਰਨ ਵਾਲੇ ਸਿੱਖ-ਬਣਾਏ ਸਤਿਗੁਰੂ ਨਾਨਕ ਦੇਵ ਜੀ। ਇਹ ਸ਼ਕਤੀ ਸੀ ਪ੍ਰੇਮ-ਪਰੁੱਚੇ, ਸਤਿ-ਬੋਲਾਂ ਦੀ। ਗੁਰੂ ਸਾਹਿਬ ਦਾ ਉਪਦੇਸ਼ ਸੀ ਕਿ ਜੇ- 'ਏਕ ਨੂਰ ਤੇ ਸਭ ਜਗ ਉਪਜਿਆ'- ਹੈ ਤਾਂ ਫੇਰ ਸਭ ਵਿਚ ਉਹੋ ਪ੍ਰਮੇਸ਼ਰ ਵੱਸਦਾ ਹੈ, ਇਸ ਲਈ ਕਿਸੇ ਨੂੰ ਫਿੱਕਾ ਬੋਲ ਨ ਬੋਲੋ।

'ਇਕੁ ਫਿਕਾ ਨ ਗਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥'-

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵੀ ਰਹਿਤਨਾਮੇ ਵਿਚ ਉਪਦੇਸ਼ ਦਿੱਤਾ ਹੈ- 'ਮੰਦਾ ਫਿੱਕਾ ਨਹੀਂ ਬੋਲਣਾ, ਖਿਮਾ ਕਰਨੀ, ਬੋਲ ਕਬੋਲ ਸਹਿ ਜਾਣਾ ਸਭਦਾ।' ਏਥੋਂ ਤੱਕ ਸਹਿਣ ਸ਼ੀਲਤਾ ਰੱਖਣੀ ਕਿ ਆਪ ਤੇ ਫਿੱਕਾ, ਖਰ੍ਹਵਾ ਨਹੀਂ ਬੋਲਣਾ ਪਰ ਕਿਸੇ ਦੇ ਬੋਲ ਕਬੋਲ ਦਾ ਪ੍ਰਤੀਕਰਮ ਵੀ ਕੌੜੇ ਬੋਲਾਂ ਨਾਲ ਨਹੀਂ ਕਰਨਾ, ਸਗੋਂ ਸਹਿਜ ਅਵਸਥਾ ਵਿਚ ਰਹਿਣਾ ਅਤੇ ਸਹਿਨ ਕਰਨਾ, 'ਖਿਮਾ ਧੀਰਜ ਰੱਖਣੀ, ਖਿਮਾ ਧੀਰਜ ਵਾਲਿਆਂ ਦੇ ਗੁਰੂ ਅੰਗ-ਸੰਗ ਹੈ।' ਫਿੱਕਾ ਬੋਲਣ ਨਾਲ ਆਪਣਾ ਹੀ ਤਨ ਮਨ ਫਿੱਕਾ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਤਾਂ ਫਿੱਕਾ ਬੋਲਣ ਵਾਲੇ ਨੂੰ ਮੂਰਖ ਆਖਦੇ ਹਨ ਅਤੇ ਪ੍ਰਮੇਸ਼ਰ ਦੀ ਦਰਗਾਹ ਵਿਚ ਉਸਦੇ ਮੂੰਹ ਤੇ ਥੁੱਕਾਂ ਪੈਂਦੀਆਂ ਹਨ ਜੁੱਤੀਆਂ ਦੀ ਮਾਰ ਪੈਂਦੀ ਹੈ-

Sri Satguru Jagjit Singh Ji Elibrary NamdhariElibrary@gmail.com

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥

- (ਆਸਾ ਮ:੧-੪੭੩)

ਗੁਰੂ ਸਾਹਿਬ ਫਿੱਕਾ ਬੋਲਣ ਤੋਂ ਵਰਜਦੇ ਅਤੇ ਮਿੱਠਾ ਬੋਲਣ ਲਈ ਪ੍ਰੇਰਦੇ ਲਿਖਦੇ ਹਨ-

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥ -

ਪ੍ਰਮੇਸ਼ਰ ਸਤਿ ਸਰੂਪ ਹੈ, ਪ੍ਰੇਮ ਸਰੂਪ ਹੈ। ਇਸ ਲਈ ਪ੍ਰੇਮ ਨੂੰ ਹਿਰਦੇ ਵਿਚ ਵਸਾ ਕੇ, ਸਚ ਨੂੰ ਧਾਰਣ ਕਰਨ ਵਾਲੇ ਨੂੰ ਇੱਜਤ ਮਿਲਦੀ ਹੈ, ਦੁਨੀਆਂਦਾਰੀ ਵਿਚ ਵੀ ਸਭ ਨਾਲ ਚੰਗੇ ਸੰਬੰਧ ਬਣਦੇ ਹਨ ਅਤੇ ਪ੍ਰਮੇਸ਼ਰ ਨਾਲ ਗੰਢ ਪੈਂਦੀ ਹੈ।

ਗੰਢੁ ਪਰੀਤੀ ਮਿਠੇ ਬੋਲ॥ - ਅਤੇ ਸੱਚ ਬੋਲਣ ਨਾਲ ਧਰਮ ਗ੍ਰੰਥਾਂ ਨਾਲ ਵੇਦਾਂ-ਸ਼ਾਸ਼ਤਰਾਂ ਨਾਲ ਗੰਢ ਪੈਂਦੀ ਹੈ। ਅਖੀਰ ਵਿਚ ਗੁਰੂ ਸਾਹਿਬ ਫੁਰਮਾਉਂਦੇ ਹਨ-

ਨਾਨਕ ਆਖੈ ਏਹੁ ਬੀਚਾਰ॥
ਸਿਫਤੀ ਗੰਢੁ ਪਵੈ ਦਰਬਾਰਿ॥ - (ਮਾਝ ਮ.੧- ੧੪੩)

ਇਨ੍ਹਾਂ ਗੁਣਾਂ ਨੂੰ ਧਾਰਨਾ ਕਰਨ ਨਾਲ ਗੁਣਾਂ ਦੇ ਸਾਗਰ, ਪਰਮੇਸ਼ਰ ਦੀ ਸਿਫ਼ਤ ਸਾਲਾਹ ਕਰਨ ਨਾਲ ਉਸਦੇ ਸੱਚੇ ਦਰਬਾਰ ਨਾਲ ਸਾਂਝ ਬਣਦੀ ਹੈ। ਰਾਗ ਸੂਹੀ ਵਿਚ ਪੰਚਮ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ ਹਰੀ ਦੀ, ਪ੍ਰਭੂ ਦੀ ਤਾਰੀਫ਼ ਲਿਖਦੇ ਹਨ-

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ,
ਅਉਗਣੁ ਕੋ ਨ ਚਿਤਾਰੇ॥

ਨਿਰਗੁਣ ਅਤੇ ਨਿਰਾਕਾਰ ਪ੍ਰਮੇਸ਼ਰ ਦੇ ਗੁਣ ਉਸਦੇ ਸਾਕਾਰ ਅਤੇ ਸਰਗੁਣ ਸਰੂਪ ਸਤਿਗੁਰੂ ਦੁਆਰਾ ਹੀ ਰੂਪਮਾਨ ਹੁੰਦੇ ਹਨ। ਨਿਰ-ਆਕਾਰ ਪ੍ਰਮੇਸ਼ਰ ਦਾ ਨਾ ਦਰਸ਼ਨ ਹੈ ਅਤੇ ਨਾ ਹੀ ਉਸਦੇ ਅੰਮ੍ਰਿਤ ਬਚਨ ਕਦੇ ਕਿਸੇ ਸੁਣੇ ਹਨ, ਪਰ ਉਹ ਪ੍ਰਭੂ ਜਦੋਂ ਸ੍ਰਿਸ਼ਟੀ ਦੇ ਕਲਿਆਣ ਵਾਸਤੇ-

'ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿ ਯਉ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥'

ਨਿਰਾਕਾਰ ਪਰਮੇਸ਼ਰ ਜਾਗਤਿ ਜੋਤ ਸਤਿਗੁਰੂ ਰੂਪ ਧਾਰ ਕੇ ਅੰਮ੍ਰਿਤ ਬਚਨਾਂ ਦੁਆਰਾ ਲੋਕਾਈ ਦਾ ਕਲਿਆਣ ਕਰਦਾ ਹੈ। ਆਪ ਪੂਰਨੇ ਪਾ ਕੇ ਸਦ-ਮਾਰਗ ਤੇ ਚੱਲਣ ਦੀ ਪ੍ਰੇਰਣਾ ਦੇਂਦਾ ਹੈ। ਸਤਿਗੁਰ ਦੇ ਅੰਮ੍ਰਿਤ ਬਚਨਾਂ ਤੋਂ ਸਿੱਖ ਕੁਰਬਾਨ ਜਾਂਦਾ ਹੈ- 'ਹਉ ਵਾਰ-ਵਾਰ ਜਾਉ ਗੁਰ ਗੋਪਾਲ।'- ਸਤਿਗੁਰੂ ਦੇ ਪ੍ਰੇਮ ਪਰੁੱਚੇ ਮਿੱਠੇ ਬੋਲ ਸੁਨਣ ਲਈ ਸਿੱਖ ਤਨ, ਮਨ, ਧਨ ਅਰਪਨ ਕਰਦਾ ਹੈ, ਸੀਸ ਭੇਟ ਕਰਨ ਲਈ ਤਿਆਰ ਰਹਿੰਦਾ ਹੈ- ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥ - ਕੁਰਬਾਨ ਜਾਣ ਦੀ ਕਰਾਮਾਤ ਵਾਪਰਦੀ ਹੈ, ਸੱਚ ਅਤੇ ਪ੍ਰੇਮ ਦੀ ਸ਼ਕਤੀ ਦੁਆਰਾ। ਸਤਿ ਬਚਨ ਅਰੁ ਪਿਆਰੋ ਜੋਈ, ਬੁੱਧੀਮਾਨ ਜਨ ਭਾਖਤ ਸੋਈ।' ਗੁਣੀ ਜਨਾਂ ਨੂੰ ਗੁਣ ਦੇਣ ਵਾਲਾ, ਸਦ-ਬੁਧੀ ਦਾ ਦਾਤਾ ਆਪ ਪ੍ਰਮੇਸ਼ਰ ਹੈ, ਸਤਿਗੁਰੂ ਹੈ- 'ਗੁਣ ਵੰਤਿਆ ਗੁਣੁ ਦੇ।'- ਗੁਣਾਂ ਦੀਆਂ ਦਾਤਾਂ ਵੰਡਣ ਲਈ ਆਪ ਪ੍ਰਮੇਸ਼ਰ ਸਰੂਪ ਗੁਰੂ, ਸਤਿਗੁਰੂ ਜਗਜੀਤ ਸਿੰਘ ਜੀ ਨੇ 1965 ਈ. ਵਿਚ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਵਿਦਿਅਕ ਸੰਮੇਲਨ ਦਾ ਸ਼ੁਭ ਅਰੰਭ ਕੀਤਾ ਜੋ ਉਸ ਸਮੇਂ ਤੋਂ ਹਰ ਵਰ੍ਹੇ ਨਿਰੰਤਰ ਜਾਰੀ ਹੈ- ਸਾਲ 2019 ਦਾ ਵਿਦਿਅਕ ਸੰਮੇਲਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ-ਛਾਇਆ ਹੇਠ 27 ਤੋਂ 30 ਜੂਨ ਸ੍ਰੀ ਭੈਣੀ ਸਾਹਿਬ ਵਿਖੇ ਸੰਪੰਨ ਹੋਇਆ। ਆਰੰਭ ਦੇ ਵਿਦਿਅਕ ਸੰਮੇਲਨ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਸੰਮੇਲਨਾਂ ਦਾ ਸੰਚਾਲਨ ਕਰਿਆ ਕਰਦੇ ਸਨ, ਪੂਰਾ ਦਿਨ ਨੌਜੁਆਨਾਂ ਨਾਲ ਗੁਜ਼ਾਰਨਾ, ਆਪ ਪਦਾਰਥ ਵਰਤਾਉਣੇ, ਬਚਨ-ਬਿਲਾਸ ਕਰਨੇ,

Sri Satguru Jagjit Singh Ji Elibrary NamdhariElibrary@gmail.com

ਗੁਰਮੁਖੀ ਬਾਣਾ ਪਾਉਣ ਲਈ ਪ੍ਰੇਰਣਾ, ਅੰਮ੍ਰਿਤ ਵੇਲੇ ਦਾ ਇਸ਼ਨਾਨ ਅਤੇ ਨਾਮ-ਬਾਣੀ ਦੇ ਨਿਤਨੇਮ ਲਈ ਪ੍ਰਣ ਕਰਾਉਣੇ, ਖੁਸ਼ੀਆਂ-ਬਖਸ਼ਣੀਆਂ, ਮਾਣ-ਸਨਮਾਨ ਬਖਸ਼ ਕੇ ਵਿਦਾ ਕਰਨਾ। ਨੌਜੁਆਨਾਂ ਨੇ ਉਡੀਕਦੇ ਰਹਿਣਾ ਕਿ ਜਦੋਂ ਸਾਲ ਪੂਰਾ ਹੋਵੇ ਤੇ ਗਰਮੀਆਂ ਦੀਆਂ ਛੁੱਟੀਆਂ ਵਿਚ ਅਸੀਂ ਫੇਰ ਵਿਦਿਅਕ ਸੰਮੇਲਨ ਤੇ ਜਾ ਕੇ ਸਤਿਗੁਰੂ ਜੀ ਦੀ ਨੇੜਤਾ ਦਾ ਅਨੰਦ-ਮਾਣੀਏ।

ਉਸ ਸਮੇਂ ਦੇ ਨੌਜੁਆਨਾਂ ਦੀ ਸਿਮਰਤੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿੰਦਗੀ ਅਤੇ ਉਦਾਰਤਾ ਦੀਆਂ ਯਾਦਾਂ ਅੱਜ ਵੀ ਉਵੇਂ ਹੀ ਤਾਜ਼ਾ ਹਨ, ਉਹ ਯਾਦਾਂ ਸਾਂਝੀਆਂ ਕਰਦੇ ਦੱਸਦੇ ਹਨ ਕਿ ਜੇ ਸਤਿਗੁਰੂ ਜੀ ਨੇ ਸਾਡੀ ਕਿਸੇ ਗਲਤੀ ਦਾ ਅਹਿਸਾਸ ਵੀ ਏਨੇ ਪ੍ਰੇਮ ਅਤੇ ਅਪਣੱਤ ਨਾਲ ਕਰਵਾਉਣਾ ਕਿ ਅਸੀਂ ਮੁੜ ਨਾ ਗਲਤੀ ਦੁਹਰਾਉਣੀ। ਕੁਝ ਨੌਜੁਆਨਾ ਨੇ ਬਾਹਰ ਜਾ ਸੌਂ ਜਾਣਾ ਕਿ ਅੰਮ੍ਰਿਤ ਵੇਲੇ ਉੱਠ ਕੇ ਆਸਾ ਦੀ ਵਾਰ 'ਚ ਨਾ ਆਉਣਾ ਪਵੇ। ਸਤਿਗੁਰੂ ਜੀ ਨੂੰ ਪਤਾ ਲੱਗਾ ਤਾਂ ਬਚਨ ਕੀਤਾ, "ਸਾਡੇ ਕੁਝ ਨੌਜੁਆਨ ਸੂਰਜਮੁਖੀ ਹਨ, ਸੂਰਜ ਦਾ ਮੂੰਹ ਵੇਖ ਕੇ ਉੱਠਦੇ ਹਨ।"- ਜੇ ਇਕ ਨੌਜੁਆਨ ਕਈ ਵੇਰ ਰੰਗਦਾਰ, ਨੋਕਵਾਲੀ ਪੱਗ ਬੰਨ ਲੈਂਦਾ ਸੀ। ਸਤਿਗੁਰੂ ਜੀ ਗੁਰਮੁਖੀ ਅਤੇ ਸਫੈਦ ਦਸਤਾਰ ਸਜਾਉਣ ਨੂੰ ਹੁਕਮ ਕਰਦੇ ਸੀ। ਪਰ ਬੰਨ੍ਹਦਾ ਸੀ ਚੋਰੀ-ਛਿੱਪੇ। ਇਕ ਦਿਨ ਰੰਗਦਾਰ ਪੱਗ ਬੰਨੀ ਨਹਿਰ ਵੱਲੋਂ ਜੀਵਨ ਨਗਰ ਆ ਰਿਹਾ ਸੀ, ਅੱਗੋਂ ਸ੍ਰੀ ਸਤਿਗੁਰੂ ਜੀ ਘੋੜੀ 'ਤੇ ਆ ਗਏ। ਉਹ ਨੌਜੁਆਨ ਨੇ ਨਮਸਕਾਰ ਕਰਕੇ ਨੀਵੀਂ ਪਾ ਲਈ, ਨਿਗ੍ਹਾ ਨਾ ਮਿਲਾਵੇ। ਸ੍ਰੀ ਸਤਿਗੁਰੂ ਜੀ ਪਾਸ ਜਾ ਕੇ ਘੋੜੀ ਰੋਕ ਲਈ। ਬਚਨ ਕੀਤਾ- 'ਅਰਜਨਾ, ਮੇਰੇ ਨਾਲ ਪੱਗ ਵਟਾ ਲੈ।' ਕੇਡਾ ਪ੍ਰੇਮ ਅਤੇ ਅਪਣੱਤ ਭਰਿਆ ਬਚਨ ਹੈ। ਪੰਜਾਬੀ 'ਚ ਪੱਗ ਵਟਾਉਣ ਦਾ ਭਾਵ ਭਰਾ ਬਣਾਉਣਾ ਹੁੰਦਾ ਹੈ। ਕੋਲੋ ਅਮਰ ਸਿੰਘ ਨੰਬਰਦਾਰ ਨੇ ਕਿਹਾ- "ਸੱਚੇ ਪਾਤਸ਼ਾਹ ਇਹਦੇ ਨਾਲ ਕਿੰਨੀਆਂ ਕੁ ਪੱਗਾਂ ਵਟਾਉਗੇ। ਇਹ ਤੇ ਕੱਲ ਨੂੰ ਹੋਰ ਬੰਨ੍ਹ ਆਏਗਾ।" ਸ੍ਰੀ ਸਤਿਗੁਰੂ ਜੀ ਨੇ ਕਿਹਾ, "ਜਿਸ ਦਿਨ ਮੇਰੇ ਨਾਲ ਪੱਗ ਵਟਾ ਲਈ, ਫੇਰ ਨਹੀਂ ਦੂਸਰੀ ਬੰਨ੍ਹੇਗਾ।'- ਇਕ ਬਚਨ ਨੇ ਉਸ ਦਾ ਮਨ ਏਨਾਂ ਪੱਕਾ ਕਰ ਦਿੱਤਾ ਕਿ ਫੇਰ ਕਦੇ ਨਾ ਰੰਗਦਾਰ ਪੱਗ ਬੰਨ੍ਹੀ ਨਾ ਨੋਕਵਾਲੀ।- ਕਿਸੇ ਵੇਟ ਲਿਫਟਰ ਚੈਂਪੀਅਨ ਗੁਰਸਿੱਖ ਲੜਕੇ ਨੂੰ ਥਾਪੜਾ ਬਖਸ਼ਦੇ ਹਨ। ਕਿੰਨਾਂ ਭਾਰ ਚੁੱਕਦਾ ਹੈ? ਰੋਜ਼ ਕਿੰਨਾਂ ਚਿਰ ਅਭਿਆਸ ਕਰਦਾ ਹੈਂ? ਖੁਰਾਕ ਕੀ ਹੈ? ਆਦਿ ਸਵਾਲ ਪੁੱਛਦਿਆਂ ਬੜੇ ਪ੍ਰੇਮ ਨਾਲ ਹੌਲੀ ਜਿਹੀ ਆਖਦੇ ਹਨ- "ਤੂੰ ਏਨਾਂ ਭਾਰ ਚੁੱਕਦਾ ਹੈਂ, ਥੋੜਾ ਜਿਹਾ ਮੇਰਾ ਵੀ ਭਾਰ ਚੁੱਕ ਲੈ।"

"ਹੁਕਮ ਕਰੋ, ਪਾਤਸ਼ਾਹ ਜੀ।"

"ਆ ਦਾੜੀ ਦਾ ਭਾਰ ਵੀ ਚੁੱਕ ਲਿਆ ਕਰ, ਮੇਰੇ ਕਰਕੇ ਇਹ ਮੇਰਾ ਭਾਰ ਹੈ।"

"ਸੱਤ ਬਚਨ, ਗਰੀਬ ਨਿਵਾਜ਼।"

ਇਵੇਂ ਧਰਮ ਤੇ ਮਾਰਗ ਤੇ ਚੱਲਣ ਲਈ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਤਿ ਉਪਦੇਸ਼ ਸੀ ਜੋ ਪ੍ਰੇਮ ਅਤੇ ਅਪਣੱਤ ਭਰਿਆ ਸੀ। ਆਪ ਦੇ ਅੰਮ੍ਰਿਤ ਬਚਨ ਸਨ, ਜੋ ਸੁੱਖ ਦਾ ਸਾਗਰ ਸਨ, ਆਪ ਦੇ ਕਰਮ ਹੀ, ਉਪਦੇਸ਼ ਸਨ, ਪ੍ਰੇਰਣਾ ਸਰੋਤ ਅਤੇ ਜੀਵਨ ਦਰਸ਼ਨ ਹਨ- ਕਈ ਪ੍ਰੀਤਮ ਸਿੰਘ ਜੀ ਪ੍ਰੇਮ ਸਰੂਪ ਸਤਿਗੁਰੂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪ੍ਰੇਮ ਦਾ ਸੋਮਾ, ਖ਼ਿਮਾ, ਸੀਲਤਾ, ਸਚ, ਸੁੱਚ, ਸੰਜਮ ਦਾ ਸਾਕਸ਼ਾਤ ਸਰੂਪ ਅਤੇ ਮਾਨੁੱਖਤਾ ਦੇ ਬੂਟੇ 'ਤੇ ਬਹਾਰ ਦਾ ਪੁਸ਼ਪ ਲਿਖਦੇ ਹਨ-

ਇਹ ਹੈ ਸੋਮਾ ਪਿਆਰਾਂ ਦਾ,
ਖ਼ਿਮਾ ਸੀਲਤਾ, ਸੱਚ, ਸੁੱਚ, ਸੰਜਮ, ਘੇਰਾ ਇਹਦੇ ਦੀਦਾਰਾਂ ਦਾ।
ਦੁੱਖ ਭੁੱਲਦੇ ਸੁਖ ਸਹਿਜ ਉਪਜਦੇ ਰਸ ਮਿਲਦਾ ਝਣਕਾਰਾਂ ਦਾ।
ਸੂਖਮ, ਕੋਮਲ, ਸਦਾ ਸੁਗੰਧਿਤ, ਮਹਿਰਮ ਦਿਲ ਦੀਆਂ ਤਾਰਾਂ ਦਾ।
ਮਾਨੁਖਤਾ ਦੇ ਬੂਟੇ ਉਤੇ ਮਹਿਕਿਆ ਪੁਸ਼ਪ ਬਹਾਰਾਂ ਦਾ।

- ਹਰਪਾਲ ਸਿੰਘ ਸੇਵਕ,
ਸ੍ਰੀ ਭੈਣੀ ਸਾਹਿਬ
ਸੰਪ: 94176-01321

Sri Satguru Jagjit Singh Ji Elibrary NamdhariElibrary@gmail.com

ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਹੋਰੁ ਅਸੀ ਏਥੇ ਸੁਖੀ ਆਨੰਦ ਹਾ। ਇਕ ਸੰਗਤ ਦੇ ਵਿਛੋੜੇ ਦਾ ਦੁਖ ਹੈ। ਇਹ ਭੀ ਗੁਰੂ ਚਾਹੇਗਾ ਮੇਟ ਦੇਊਗਾ। ਹੋਰ ਆਪਦੀ ਸਰਬ ਸੰਗਤ ਦੀ ਸੁਖ ਹਮੇਸਾ ਗੁਰੂ ਸਾਹਿਬ ਦੇ ਚਰਨਾ ਵਿਚੋ ਮੰਗਦੇ ਹਾ।

ਹੋਰ ਭਾਈ ਖਾਸਜਾ ਜੀ ਏਹ ਹੁਕਮ ਹੈ ਜੋ ਸਭ ਨੇ ਬਾਣੀ ਕੰਠ ਕਰਨੀ ਬੁਢੇ ਬਾਲੇ ਨੇ, ਲੜਕਿਆ ਨੇ, ਅਰੁ ਪਿਛਲੀ ਰਾਤ ਉਠ ਕੇ ਸਭਨਾ ਇਸਿਨਾਨ ਕਰਨਾ।

ਲੜਕਿਆ ਤੇ ਬੀਬੀਆ ਨੂ ਅਖਰ ਪੜਾ ਦੇਣੇ ਸਭਨਾ ਨੂ, ਅਰ ਆਪੋ ਆਪਣੇ ਘਰ ਮੈ ਭੋਗ ਭੀ ਗ੍ਰੰਥ ਸਾਹਿਬ ਦੇ ਪਾਉਣੇ।

ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਬੰਦਗੀ

ਬੰਦਗੀ ਸਿਰਫ਼ ਇਸੇ ਗੱਲ ਦਾ ਅਰਥ ਨਹੀਂ, ਕਿ ਮਾਲਾ ਫੜ੍ਹ ਕੇ ਭਜਨ ਕਰਨਾ ਹੀ ਬੰਦਗੀ ਹੈ। ਆਸਾ ਦੀ ਵਾਰ ਵਿੱਚ ਤੁਸੀਂ ਸੁਣਦੇ ਹੋ,

ਬੰਦੇ ਸੇ ਜਿ ਪਵਹਿ ਵਿਚਿ ਬੰਦੀ

ਕਿ ਕਿਸੇ ਦੀ ਕੈਦ ਵਿਚ ਰਹਿ ਕੇ ਕਿਸੇ ਦੀ ਆਗਿਆ ਵਿੱਚ ਚੱਲ ਕੇ ਬੰਦਗੀ ਕਰਨੀ। ਸਤਿਗੁਰੂ ਹਰੀ ਸਿੰਘ ਜੀ ਫੁਰਮਾਇਆ ਕਰਦੇ ਸਨ ਕਿ ਅਸਾਂ ਬਚਪਨ ਤੋਂ ਹੀ ਕਦੇ ਵੀ ਸਤਿਗੁਰਾਂ (ਸਤਿਗੁਰੂ ਰਾਮ ਸਿੰਘ) ਦਾ ਹੁਕਮ ਨਹੀਂ ਸੀ ਮੋੜਿਆ।

ਭਗਤੀ ਬੜਾ ਵਿਆਪਕ ਸ਼ਬਦ ਹੈ। ਬਹੁਤ ਲੋਕ ਭਗਤੀ ਬਾਰੇ ਗੱਲਾਂ ਕਰਦੇ ਨੇ। ਭਗਤੀ ਕੀ ਚੀਜ਼ ਹੈ? ਆਪਣੇ ਸਤਿਗੁਰੂ ਦਾ ਵਿਸ਼ਵਾਸ਼ ਪਾਤਰ ਹੋਣਾ ਹੀ ਸਭ ਤੋਂ ਵੱਡੀ ਭਗਤੀ ਹੈ। ਹੋਰ ਸਭ ਪਿੱਛੇ ਨੇ।

Sri Satguru Jagjit Singh Ji Elibrary NamdhariElibrary@gmail.com

ਸ਼ਹੀਦ ਊਧਮ ਸਿੰਘ ਦੁਆਰਾ ਲਿਖੀਆਂ ਗਈਆਂ ਚਿੱਠੀਆਂ

✍-ਡਾ. ਹਰੀਸ਼ ਕੁਮਾਰ ਪੁਰੀ

ਮੈਨੂੰ ਪਰਵਾਹ ਨਹੀਂ, ਊਧਮ ਸਿੰਘ ਮਾਈਕਲ ਓਡਵਾਇਰ ਨੂੰ ਮਾਰ ਕੇ ਕਹਿੰਦਾ, ਮੈ ਮਰਨ ਤੋਂ ਝਕਦਾ ਨਹੀਂ। ਮਰਨ ਦੀ ਉਡੀਕ ਵਿਚ ਬੁੱਢੇ ਹੋ ਜਾਣ ਦਾ ਕੀ ਫਾਇਦਾ? ਇਹ ਤਾਂ ਚੰਗੀ ਗੱਲ ਨਹਂ। ਬੰਦੇ ਨੂੰ ਜਵਾਨੀ ਵਿਚ ਹੀ ਮਰ ਜਾਣਾ ਚਾਹੀਦਾ ਹੈ। ਇਹ ਗੱਲ ਚੰਗੀ ਹੈ ਅਤੇ ਮੈਂ ਵੀ ਇਹ ਹੀ ਕੀਤਾ, ਉਹ ਕੁਝ ਦੇਰ ਰੁਕਣ ਤੋਂ ਬਾਅਦ ਕਹਿੰਦਾ, ਮੈਂ ਆਪਣੇ ਦੇਸ਼ ਖਾਤਰ ਮਰ ਰਿਹਾਂ ਇਸ ਦੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਉਹਨੂੰ ਫਾਂਸੀ ਦੀ ਸਜ਼ਾ ਮਿਲ ਗਈ। ਉਹ 31 ਜੁਲਾਈ 1940 ਨੂੰ ਲੰਡਨ ਵਿੱਚ ਸ਼ਹੀਦ ਕਰ ਦਿੱਤਾ ਗਿਆ।

ਮੁਕੱਦਮੇ ਦੌਰਾਨ ਅਤੇ ਮੌਤ ਦੇ ਸਾਹਵੇਂ ਊਧਮ ਸਿੰਘ ਦੇ ਬਚਨਾਂ ਵਿਚ ਕਰਤਾਰ ਸਿੰਘ ਸਰਾਭਾ ਦੀਆਂ ਗੂੰਜਾਂ ਹਨ। ਜਿਹੜਾ ਪਹਿਲਾਂ ਦੇਸ਼ ਲਈ ਕੁਰਬਾਨ ਹੋਇਆ ਸੀ। ਊਧਮ ਸਿੰਘ ਚੇਤਨ ਰੂਪ ਵਿਚ ਇਕ ਹੋਰ ਛੋਟੀ ਉਮਰ ਦੇ ਸ਼ਹੀਦ, ਭਗਤ ਸਿੰਘ ਦੀ ਮਿਸਾਲ ਤੇ ਰਸ਼ਕ ਕਰ ਰਿਹਾ ਸੀ। ਉਹ ਆਪਣੀ ਚਿੱਠੀ ਵਿਚ ਭਗਤ ਸਿੰਘ ਨੂੰ ਮਿੱਤਰ ਪਿਆਰਾ ਕਹਿੰਦਾ ਹੈ। ਜਿਹੜਾ ਉਹਨੂੰ ਦਸ ਸਾਲ ਪਿੱਛੇ ਛੱਡ ਗਿਆ ਸੀ। ਜਿਹੜਾ ਉਸਦੀ ਉਡੀਕ ਕਰ ਰਿਹਾ ਹੈ। ਊਧਮ ਸਿੰਘ ਦਾ ਚਿਤਰ ਉਸ ਦੀ ਜਾਤ ਬਾਰੇ ਬਣੀ ਅਨੁਸਰੁਤੀ ਤੋਂ ਵੱਧ ਉਸ ਦੀ ਸੰਜਮੀ ਦਲੇਰੀ ਅਤੇ ਦ੍ਰਿੜ ਇਰਾਦੇ ਨੂੰ ਦਰਸਾਉਂਦਾ ਹੈ।

ਊਧਮ ਸਿੰਘ ਸੁਤੰਤਰ ਭਾਰਤ ਦੇ ਲਿਖਾਰੀਆਂ ਨੇ ਕਮ-ਅਜ਼ਕਮ ਨਿਕਟ ਭੂਤ ਵਿਚ ਵਸਾਰਿਆ ਨਹੀਂ ਹੈ। ਉਸ ਦਾ ਨਾਉਂ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਦੀ **ਵੀਹਵੀਂ ਸਦੀ ਦੇ ਸ਼ਹੀਦਾਂ ਵਿਚ**[1], ਫ਼ੌਜਾ ਸਿੰਘ ਦੀ **ਪੰਜਾਬ ਦੇ ਪ੍ਰਸਿੱਧ ਸੁਤੰਤਰਤਾ ਦੇ ਸੰਗਰਾਮੀਏ**'[2] ਵਿਚ ਅਤੇ ਕੁਲਬੀਰ ਸਿੰਘ ਦੀ 'ਸਰਦਾਰ'[3] ਵਿਚ ਆਉਂਦਾ ਹੈ। ਸ਼ਹੀਦ ਊਧਮ ਸਿੰਘ ਦੀ ਬੀਰਤਾ ਦੀ ਕਹਾਣੀ ਬੜੀ ਪ੍ਰਚਲਿਤ ਹੋਈ ਹੈ। ਉਸ ਦਾ ਅਜਿਹਾ ਚਿਤਰ ਬਣਾਇਆ ਗਿਆ ਹੈ ਕਿ ਕਿਸ ਤਰ੍ਹਾਂ ਦੇਸ਼ ਭਗਤ ਨੇ ਜ਼ਲ੍ਹਿਆਂ ਵਾਲੇ ਬਾਗ਼ ਦੇ ਕਤਲੇਆਮ ਦਾ ਬਦਲਾ ਲਿਆ।

ਉਹ ਇਤਿਹਾਸਕ ਨਾਵਲ ਦਾ ਨਾਇਕ ਵੀ ਹੈ- ਸ਼ਹੀਦ ਊਧਮ ਸਿੰਘ ਕਰਤਾ ਕੇਸਰ ਸਿੰਘ।[4] ਉਸ ਦੀ ਸ਼ਖ਼ਸੀਅਤ ਦੇ ਕਾਲਪਨਿਕ ਚਿੱਤਰ ਬਣਾਉਣ ਦੇ ਨਾਲ-ਨਾਲ ਉਸ ਦੀ ਜ਼ਿੰਦਗੀ ਦੇ ਤੱਥਾਂ ਦੀ ਭਾਲ ਜਾਰੀ ਰਹੀ ਹੈ। ਊਧਮ ਸਿੰਘ ਦੇ ਜੀਵਨੀਕਾਰ ਨੂੰ ਤੱਥ-ਭਰਪੂਰ ਇਤਲਾਹ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ।

ਆਧੁਨਿਕ ਦ੍ਰਿਸ਼ਟੀ ਵਿਚ ਜੋ ਕੁਝ ਅਸਲੀ ਵਾਪਰਿਆ ਤੇ ਜ਼ੋਰ ਦੇਣਾ ਬਹੁਤ ਜ਼ਰੂਰੀ ਸਮਝਿਆ ਜਾਂਦਾ ਹੈ। ਇਸ ਕਰਕੇ ਵਿਹਾਰਕ ਗਵਾਹੀ ਦਾ ਇੰਨਾਂ ਮੁੱਲ ਪੈਂਦਾ ਹੈ, ਜਿੰਨਾ ਕਦੇ ਨਹੀਂ ਪਿਆ ਸੀ। ਤੱਥ-ਭਰਪੂਰ ਇਤਲਾਹ ਵੀ ਆਪਣੇ ਆਪ ਵਿਚ ਸਿੱਧੀ ਹੈ। ਇਸ ਲੇਖ ਦਾ ਪ੍ਰਥਮ ਮਨੋਰਥ ਊਧਮ ਸਿੰਘ ਦੀ ਜ਼ਿੰਦਗੀ ਦੇ ਕੁੱਝ ਮਹੱਤਵਪੂਰਨ ਤੱਥਾਂ ਨੂੰ ਪ੍ਰਕਾਸ਼ਿਤ ਕਰਨਾ ਹੈ ਤਾਂ ਜੋ ਸਾਧਾਰਨ ਵਿਅਕਤੀ ਅਤੇ ਇਤਿਹਾਸਕਾਰ ਉਸ ਦੀ ਸ਼ਖ਼ਸੀਅਤ ਨੂੰ ਬਿਹਤਰ ਸਮਝ ਸਕਣ।

ਊਧਮ ਸਿੰਘ ਦੀ ਜ਼ਿੰਦਗੀ ਬਾਰੇ ਇਤਲਾਹ ਦੇ ਸਾਡੇ ਤਿੰਨ ਮਹੱਤਵਪੂਰਨ ਸੋਮੇ ਹਨ ਬਾਨੀ ਇਤਲਾਹ, ਰਾਜ-ਲੇਖੀ ਸੋਮੇ ਤੇ ਨਿੱਜੀ ਸੰਗ੍ਰਹਿ। ਪਠਾਨਕੋਟ ਦੇ ਨੇੜੇ ਬਾਰਠ ਸਾਹਿਬ ਦੇ ਸਵਰਨ ਸਿੰਘ ਅਤੇ ਇੰਦਰ ਸਿੰਘ ਮੁਰਾਰੀ ਹੋਰਾਂ ਦਾ 1930 ਦੇ ਗੁਰਦਾਸਪੁਰ ਸਾਜ਼ਿਸ ਮੁਕੱਦਮੇ ਨਾਲ ਸੰਬੰਧ ਸੀ। ਉਹ ਊਧਮ ਸਿੰਘ ਨੂੰ ਜਾਤੀ ਤੌਰ 'ਤੇ ਜਾਣਦੇ ਸਨ, ਉਹਨਾਂ ਨੂੰ ਉਸ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੀ ਚਿਤਰਸ਼ਾਲੀ ਯਾਦ ਹੈ। ਉਹਨਾਂ ਨੇ ਮਿਹਰਬਾਨੀ ਕੀਤੀ ਅਤੇ ਆਪਣੀ ਯਾਦ ਨੂੰ ਸਾਡੇ ਮੰਤਵ ਲਈ ਲਿਖਤੀ ਰੂਪ ਦਿੱਤਾ। ਉਹਨਾਂ ਨੇ ਬੜੀ ਖੁਸ਼ੀ-ਖੁਸ਼ੀ ਊਧਮ ਸਿੰਘ ਬਾਰੇ ਸਾਡੇ ਸਵਾਲਾਂ ਦੇ ਜਵਾਬ ਦਿੱਤੇ। ਇਸ ਤਰ੍ਹਾਂ ਉਹਨਾਂ ਦੀ ਗਵਾਹੀ ਦਾ ਲਾਮਿਸਾਲ ਪੱਖ ਹੈ: ਉਹਨਾਂ ਦਾ ਜ਼ਿੰਦਗੀ ਦੀਆਂ ਸਾਦਾ ਘਟਨਾਵਾਂ ਨੂੰ ਜੀਵਨ ਸਮਾਨ ਚਿਤਰਨਾ ਊਧਮ ਸਿੰਘ ਦੇ ਚਰਿੱਤਰ ਵਿਚ ਜਾਨ ਪਾ ਦਿੰਦਾ ਹੈ। ਊਧਮ ਸਿੰਘ ਦੀ ਜ਼ਿੰਦਗੀ ਦੀ ਪੁਨਰ-ਉਸਾਰੀ ਲਈ ਉਹਨਾਂ ਦੀ ਗਵਾਹੀ ਇਸਤੇਮਾਲ ਕੀਤੀ ਹੈ। ਇਹਨਾਂ ਸੱਜਣਾਂ ਦੇ ਉਤਸ਼ਾਹਜਨਕ ਮਿਲਵਰਤਨ ਲਈ ਅਤਿ ਧੰਨਵਾਦੀ ਹਾਂ।

ਰਾਸ਼ਟਰੀ ਰਾਜ-ਲੇਖ-ਸੰਗ੍ਰਹਿ ਭਾਰਤ, ਨਵੀਂ ਦਿੱਲੀ, ਵਿਚ ਮਿਸਲ 77, 1940, ਹਿੰਦੋਸਤਾਨੀ ਸਰਕਾਰ ਦਾ ਅੰਦਰੂਨੀ ਮਹਿਕਮਾ (ਸਿਆਸੀ ਖੁਫ਼ੀਆ) ਦਾ ਵਿਸ਼ਾ ਹੈ-

Sri Satguru Jagjit Singh Ji Elibrary NamdhariElibrary@gmail.com

ਇਸ ਗੱਲ ਨੂੰ ਪੱਕਾ ਕਰਨ ਦੀ ਲੋੜ ਹੈ ਕਿ ਊਧਮ ਸਿੰਘ ਦੇ ਮੁਕੱਦਮੇ ਦੀ ਪੱਤਰਕਾਰੀ ਰਿਪੋਰਟ ਘੱਟ ਤੋਂ ਘੱਟ ਸਨਸਨੀਖੇਜ਼ ਹੋਵੇ। ਇਸ ਵਿਚ ਬਰਤਾਨਵੀ ਅਤੇ ਹਿੰਦੋਸਤਾਨੀ ਸਰਕਾਰਾਂ ਦੇ ਊਧਮ ਸਿੰਘ ਦੇ ਮੁਕੱਦਮੇ ਬਾਰੇ ਪ੍ਰਤੀਕਰਮਾਂ ਦੀ ਬਹੁਤ ਲਾਹੇਵੰਦ ਇਤਲਾਹ ਹੈ। ਊਧਮ ਸਿੰਘ ਦੇ ਮੁਕੱਦਮੇ ਦੀ ਪਰਚਾਰ ਦੀ ਘਾਟ (ਜਿਹੜੀ ਕਿ ਸਾਧਾਰਨ ਹਾਲਤ ਵਿਚ ਹੋਣੀ ਚਾਹੀਦੀ ਸੀ) ਦੀ ਵਜ਼ਾ ਦੋਵੇਂ ਸਰਕਾਰਾਂ ਦੀਆਂ ਅਪ੍ਰੈਲ 1940 ਦੀਆਂ ਇਹਤਿਆਤੀ ਕਾਰਵਾਈਆਂ ਹਨ। ਰਾਸ਼ਟਰੀ ਰਾਜ-ਲੇਖ ਸੰਹਿ ਭਾਰਤ ਦੇ ਐਕਸੈਸ਼ਨ-ਨੰਬਰ 292 ਵਿਚ ਊਧਮ ਸਿੰਘ ਦੇ ਮੁਕੱਦਮੇ ਬਾਰੇ ਕਾਗ਼ਜ਼ ਹਨ। ਇਹਨਾਂ ਲਿਖਤਾਂ ਦੀ ਸਹਾਇਤਾ ਨਾਲ 13 ਮਾਰਚ 1940 ਵਾਲੀ ਘਟਨਾ ਦੀ ਪੁਨਰਉਸਾਰੀ ਕੀਤੀ ਜਾ ਸਕਦੀ ਹੈ। ਇਹਨਾਂ ਵਿਚ ਉਹ ਭਾਵਨਾ ਵੀ ਨਜ਼ਰ ਆ ਜਾਂਦੀ ਹੈ, ਜਿਹੜੀ ਊਧਮ ਸਿੰਘ ਵਿਚ ਕੰਮ ਕਰ ਰਹੀ ਸੀ।

ਉਪਰੋਕਤ ਦੋਵਾਂ ਤੋਂ ਜ਼ਿਆਦਾ ਮਹੱਤਵਪੂਰਨ ਸੋਮਾ ਦਸਤਾਵੇਜ਼ਾਂ ਦਾ ਉਹ ਸੰਨ੍ਹ ਹੈ, ਜਿਹੜਾ ਪਹਿਲਾ ਸ਼ਿਵ ਸਿੰਘ ਜੌਹਲ ਦੀ ਮਾਲਕੀ ਵਿਚ ਸੀ। ਉਹ 1930 ਵਿਚ ਲੰਡਨ ਵਿਚ ਊਧਮ ਸਿੰਘ ਦੇ ਬਹੁਤ ਅੱਛੇ ਮਿੱਤਰ ਸਨ। ਮਨੋਹਰ ਸਿੰਘ ਗਿੱਲ, ਆਈ.ਏ.ਐਸ. ਦੀ ਕ੍ਰਿਪਾਲਤਾ ਦੁਆਰਾ ਹੁਣ ਇਹ ਸੰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਪਾਸ ਹੈ। ਇਸ ਵਿਚ 19 ਦਸਤਾਵੇਜ਼ ਹਨ। ਜਿਹਨਾਂ ਵਿਚੋਂ 7 ਊਧਮ ਸਿੰਘ ਦੀਆਂ ਚਿੱਠੀਆਂ ਹਨ। ਇਹਨਾਂ ਵਿਚੋਂ ਬਹੁਤ ਸਾਰੀਆਂ ਚਿੱਠੀਆਂ ਮਨੋਹਰ ਸਿੰਘ ਗਿੱਲ ਹੋਰਾਂ 1972 ਵਿਚ **'ਦੀ ਇਲੱਸਟਰੇਟਿਡ ਵੀਕਲੀ'** ਵਿਚ ਊਧਮ ਸਿੰਘ ਬਾਰੇ ਲੇਖ ਵਿਚ ਛਾਪੀਆਂ ਸਨ।[5] ਇਹ ਚਿੱਠੀਆਂ ਸੰਗ੍ਰਹਿ ਦਾ ਬਹੁਤ ਜ਼ਰੂਰੀ ਹਿੱਸਾ ਹਨ। ਨਾ ਸਿਰਫ਼ ਇਸ ਕਰਕੇ ਕਿ ਊਧਮ ਸਿੰਘ ਨੇ ਲਿਖੀਆਂ ਸਨ, ਸਗੋਂ ਇਸ ਕਰਕੇ ਵੀ ਇਹ ਉਸ ਦੇ ਬਾਰੇ ਇਤਲਾਹ ਦਾ ਵਡਮੁੱਲਾ ਸੋਮਾ ਹਨ। ਇਹਨਾਂ ਵਿਚ ਉਸ ਦੇ ਕਿਰਦਾਰ ਅਤੇ ਸ਼ਖ਼ਸੀਅਤ ਦੀ ਝਲਕ ਮਿਲਦੀ ਹੈ।

ਪਰ ਬਾਕੀ ਦੀਆਂ 12 ਦਸਤਾਵੇਜ਼ਾਂ ਦਾ ਆਪਣਾ ਮੁੱਲ ਹੈ। ਇੱਕ ਗੱਲ ਤਾਂ ਇਹ ਕਿ ਊਧਮ ਸਿੰਘ ਦੀਆਂ ਚਿੱਠੀਆਂ ਵਾਂਗੂੰ ਉਹਨਾਂ ਤੇ ਤਾਰੀਖ਼ਾਂ ਪਾਈਆਂ ਹਨ। ਉਹਨਾਂ 12 ਦਸਤਾਵੇਜ਼ਾਂ ਵਿਚੋ 4 ਤਾਂ ਰਸੀਦਾਂ ਹੀ ਹਨ, ਇਕ ਬਰਨਰਡ ਲਿੰਡਰ ਦੇ ਪੈਡ ਤੇ ਹੈ, ਜਿਹੜੇ ਨਾਰਥ ਵੈਂਬਲੇ ਦੇ ਵਕੀਲ ਸਨ। ਇੱਕ ਹੋਰ ਰਾਬਰਟ ਕਲੇਟਨ ਅਤੇ ਕੰਪਨੀ, ਲੰਡਨ ਦੇ ਵਕੀਲਾਂ ਦੀ ਰਸੀਦੀ ਕਿਤਾਬ ਦਾ ਵਰਕਾ ਹੈ। ਤੀਸਰਾ ਛੋਟਾ ਜਿਹਾ ਸਾਧਾਰਨ ਕਾਗ਼ਜ਼ ਦਾ ਟੁਕੜਾ ਹੈ। ਪਿਛਲੇ ਦੋਵੇਂ ਦਸਤਾਵੇਜ਼ ਰਾਬਰਟ ਕਲੇਟਨ ਅਤੇ ਕੰਪਨੀ ਦੀਆਂ ਸ਼ਿਵ ਸਿੰਘ ਨੂੰ ਭੇਜੀਆਂ ਰਸੀਦਾਂ ਹਨ। ਇਹਨਾਂ ਰਸੀਦਾਂ ਦੇ ਵਿਸ਼ੇ ਮਹੱਤਵਪੂਰਨ ਹਨ। ਪਹਿਲੇ ਤੋਂ ਸਾਫ ਪਤਾ ਲੱਗਦਾ ਹੈ ਕਿ ਸ਼ਿਵ ਸਿੰਘ ਨੇ ਊਧਮ ਸਿੰਘ ਤੇ ਕਤਲ ਦੀ ਫਰਦ ਜ਼ੁਰਮ ਲੱਗਣ ਤੋਂ ਇਕ ਦਿਨ ਪਹਿਲਾਂ ਵਕੀਲ ਕਰ ਲਏ ਸਨ। ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਸ਼ਿਵ ਸਿੰਘ ਨੇ ਹੋਰ ਵਕੀਲ ਵੀ ਕਰ ਲਏ ਸਨ, ਜਿਹਨਾਂ ਦੀ ਕੰਪਨੀ ਜ਼ਿਆਦਾ ਮਹਿੰਗੀ ਜ਼ਰੂਰ ਸੀ, ਭਾਵੇਂ ਜ਼ਿਆਦਾ ਚੰਗੀ ਨਹੀਂ ਸੀ। ਤੀਸਰੀ ਅਤੇ ਚੌਥੀ ਦਸਤਾਵੇਜ਼ ਤੋਂ ਪਤਾ ਲੱਗਦਾ ਹੈ ਕਿ ਸ਼ਿਵ ਸਿੰਘ ਨੇ ਕਚਹਿਰੀ ਦੇ 5 ਜੂਨ ਵਾਲੇ ਫ਼ੈਸਲੇ ਖ਼ਿਲਾਫ਼ ਅਪੀਲ ਲਈ 70 ਪੌਂਡ ਦੇ ਕੇ ਵਕੀਲ ਕੀਤੇ ਸਨ। ਉਪਰੋਕਤ ਪੱਤਰਾਂ ਦਾ ਮੁੱਲ ਊਧਮ ਸਿੰਘ ਦੇ ਜੀਵਨੀਕਾਰ ਲਈ ਸਾਫ਼ ਨਜ਼ਰ ਆਉਂਦਾ ਹੈ।

ਦੂਸਰੇ 8 ਦਸਤਾਵੇਜ਼ ਨੇ ਹੀ ਮੁੱਲ ਵਾਲੇ ਹਨ। ਕਿਤਾਬ ਵਿਚ ਦਸਤਾਵੇਜ਼ VIII ਤੋਂ ਪਤਾ ਲੱਗਦਾ ਹੈ ਕਿ ਸ਼ਿਵ ਸਿੰਘ ਨੂੰ ਮੁਕੱਦਮਾ ਸ਼ੁਰੂ ਹੋਣ ਪਹਿਲਾਂ ਊਧਮ ਸਿੰਘ ਨੂੰ ਜੇਲ੍ਹ ਵਿਚ ਮਿਲਣ ਦਾ ਫਿਕਰ ਸੀ, ਦਸਤਾਵੇਜ਼ XII, XII, XIV, ਤੋਂ ਮਾਲੂਮ ਹੁੰਦਾ ਹੈ ਕਿ ਜਿਸ ਜੇਲ੍ਹ ਵਿਚ ਊਧਮ ਸਿੰਘ ਬੰਦ ਸੀ ਉਸ ਜੇਲ੍ਹ ਦਾ ਪਾਦਰੀ ਸ਼ਿਵ ਸਿੰਘ ਤੋਂ ਹਿੰਦੁਸਤਾਨੀ ਧਰਮ ਗ੍ਰੰਥ ਮੰਗਵਾਉਣ ਵਿਚ ਕਾਮਯਾਬ ਹੋ ਗਿਆ, ਉਹ ਵੀ ਰਸਮੀਆ ਅਤੇ ਡਾਂਟ ਦੀ ਚਿੱਠੀ ਲਿਖਣ ਤੋਂ ਬਾਅਦ। ਉਸ ਤੋਂ ਪਹਿਲਾਂ ਸ਼ਿਵ ਸਿੰਘ ਨੇ ਊਧਮ ਸਿੰਘ ਦੀ ਗੁਟਕਾ ਭੇਜਣ ਦੀ ਬੇਨਤੀ ਤੋਂ ਅਣਗਹਿਲੀ ਕੀਤੀ ਸੀ। ਦਸਤਾਵੇਜ਼ XVI ਅਤੇ XVI ਤੋਂ ਸਿੱਧ ਹੁੰਦਾ ਹੈ ਕਿ ਊਧਮ ਸਿੰਘ ਨੂੰ 6 ਅਗਸਤ ਤੋਂ ਪਹਿਲਾਂ-ਪਹਿਲਾਂ ਫਾਂਸੀ ਲਾ ਦਿੱਤਾ ਗਿਆ ਸੀ। ਇਕ ਗੱਲ ਹੋਰ, ਚਾਹੇ ਉਹਨਾਂ ਊਧਮ ਸਿੰਘ ਦਾ ਸਮਾਨ ਸ਼ਿਵ ਸਿੰਘ ਨੂੰ ਭੇਜ ਦਿੱਤਾ ਪਰੰਤੂ ਉਹਦੇ ਫੁੱਲ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਊਧਮ ਸਿੰਘ ਦੀਆਂ ਚਿੱਠੀਆਂ ਵੱਲ ਧਿਆਨ ਮਾਰਨ ਤੇ ਕਈ ਦਿਲਚਸਪ ਨੁਕਤੇ ਲੱਭਦੇ ਹਨ। 15 ਮਾਰਚ 1940 ਨੂੰ ਬਰਿਕਸਟਨ ਜੇਲ੍ਹ 'ਚੋਂ ਲਿਖੀ ਪਹਿਲੀ ਚਿੱਠੀ, ਉੱਤੇ 1010 ਨੰਬਰ ਹੈ ਜਿਹੜਾ ਜੇਲ੍ਹ ਅਧਿਕਾਰੀਆਂ ਨੇ ਊਧਮ ਸਿੰਘ ਨੂੰ ਦਿੱਤਾ ਸੀ। ਉਸ ਦਾ ਨਾਮ ਹੈ ਮੁਹੰਮਦ ਆਜ਼ਾਦ ਅਤੇ ਉਹ ਆਪ ਵੀ ਮੁਹੰਮਦ ਸਿੰਘ ਆਜ਼ਾਦ ਦਸਤਖ਼ਤ ਕਰਦਾ ਹੈ। ਹੁਣ ਤਾਈਂ ਉਸ ਦੇ ਅਸਲੀ ਨਾਉਂ ਦਾ ਪਤਾ ਲੱਗ ਚੁੱਕਾ ਸੀ ਪਰੰਤੂ ਉਹ ਮਕਰ ਬਣਾਈ ਰੱਖਣਾ ਚਾਹੁੰਦਾ ਸੀ। ਚਿੱਠੀ ਦੇ

Sri Satguru Jagjit Singh Ji Elibrary NamdhariElibrary@gmail.com

ਸੱਜੇ ਉਪਰਲੇ ਕੋਨੇ ਵਿਚ ਅੱਖਰ ਊ ਅਤੇ ਸ ਨਿਸ਼ਾਨੀ ਵਾਂਗੂੰ ਹਨ ਜਿਹੜੇ ਸ਼ਾਇਦ ਊਧਮ ਸਿੰਘ ਨੇ ਆਪ ਹੀ ਲਿਖੇ ਸਨ। ਜਿਸ ਪਤੇ 'ਤੇ ਚਿੱਠੀ ਲਿਖੀ ਹੈ ਉਹ ਹੈ ਸ਼੍ਰੀਮਾਨ ਸਿੰਘ ਸਾਹਿਬ, ਗੁਰਦੁਆਰਾ ਗੁਰੂ ਸਿੰਘ ਸਭਾ, 19 ਸਿੰਕਲੇਅਰ ਰੋਡ, ਸ਼ੈਫਰਡਜ਼ ਬੁੱਸ਼ ਲੰਡਨ, ਪੱਛਮ-14। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਇਹ ਖ਼ਤ ਸ਼ਿਵ ਸਿੰਘ ਜੌਹਲ ਲਈ ਹੈ ਪਰ ਊਧਮ ਸਿੰਘ ਉਸ ਨਾਲ ਪੁਰਾਣੀ ਸੰਗਤ ਨੂੰ ਜ਼ਾਹਰ ਨਹੀਂ ਕਰਨਾ ਚਾਹੁੰਦਾ।

ਊਧਮ ਸਿੰਘ ਕਿਸੇ ਅਣਜਾਣ ਨੂੰ ਕਿਉਂ ਚਿੱਠੀ ਲਿਖਦਾ ਹੈ? ਇਸ ਸਵਾਲ ਨੂੰ ਮਨ ਵਿਚ ਰੱਖ ਕੇ ਚਿੱਠੀ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਉਹ ਸ਼ੁਰੂ ਵਿਚ ਹੀ ਲਿਖ ਦਿੰਦਾ ਹੈ ਕਿ ਉਹ ਸਿਰਨਾਮਾਦਰਾ ਦਾ 'ਪੂਰਾ ਨਾਉਂ' ਨਹੀਂ ਜਾਣਦਾ, ਇਸ ਤੋਂ ਫੌਰਨ ਬਾਅਦ ਮਿਹਰਬਾਨੀ ਕਰਨ ਦੀ ਅਰਥਾਤ ਕਿਤਾਬਾਂ ਦੀ ਮੰਗ ਕਰਦਾ ਹੈ। ਆਪਣੇ ਰੁਝੇਵੇਂ ਲਈ ਕਿਤਾਬਾਂ ਉਰਦੂ, ਗੁਰਮੁੱਖੀ ਦੀਆਂ ਬਜ਼ਰੀਆ ਡਾਕ ਰਾਹੀਂ ਭੇਜਣ ਦੀ ਮੰਗ ਕਰਦਾ ਹੈ। ਊਧਮ ਸਿੰਘ ਦਾ ਮਤਲਬ ਸ਼ਿਵ ਸਿੰਘ 'ਤੇ ਸ਼ੱਕ ਜਾਂ ਦੋਸ਼ ਲਿਆਉਣ ਤੋਂ ਬਿਨਾਂ ਉਹਦੇ ਨਾਲ ਸੰਪਰਕ ਬਣਾਉਣ ਦਾ ਸੀ। ਮੈਂ ਤੁਹਾਨੂੰ ਜਾਣਦਾ ਨਹੀਂ ਉਹ ਲਿਖਦਾ ਹੈ, ਪਰ ਉਹ ਮੋਹਨ ਸਿੰਘ ਨੂੰ ਜਾਣਦਾ ਸੀ, ਜਿਹੜਾ ਪਹਿਲਾਂ ਗੁਰਦੁਆਰਾ ਸੰਭਾਲਣ ਵਾਲਾ ਸੀ ਅਤੇ ਜਿਸ ਨੇ ਉਸ ਨੂੰ ਕਿਤਾਬਾਂ ਭੇਜ ਦੇਣੀਆਂ ਸਨ। ਊਧਮ ਸਿੰਘ ਬਾਰ-ਬਾਰ ਕਿਤਾਬਾਂ ਦੀ ਗੱਲ ਕਰਦਾ ਹੈ। ਜਿਵੇਂ ਕਿਤੇ ਇਹ ਕਿਤਾਬਾਂ ਜੇਲ੍ਹ ਵਿਚ ਉਹਦੀ ਸਾਧਾਰਣ ਲੋੜ ਹਨ। ਉਹ ਲਿਖਦਾ ਹੈ ਕਿ ਉਹਨੂੰ ਹਿੰਦੋਸਤਾਨੀ 'ਚ ਪੱਤਰ ਲਿਖਣ ਦੀ ਆਗਿਆ ਨਹੀਂ ਹੈ, ਪਰੰਤੂ ਫੇਰ ਵੀ ਤੁਸੀਂ ਸਮਝ ਜਾਓਗੇ ਜਿਸ ਕਿਸਮ ਦੀਆਂ ਕਿਤਾਬਾਂ ਦੀ ਮੈਨੂੰ ਲੋੜ ਹੈ। ਇਨਕਲਾਬੀ ਕੋਡ ਵਿਚ ਕਿਤਾਬ ਦਾ ਮਤਲਬ 'ਪਿਸਤੌਲ ਜਾਂ ਹਥਿਆਰ' ਸੀ। ਇਹ ਸੁਝਾਉ ਦਿੰਦਿਆਂ ਸਾਰ ਹੀ ਊਧਮ ਸਿੰਘ ਗੱਲ ਨੂੰ ਹੋਰ ਪਾਸੇ ਲੈ ਜਾਂਦਾ ਹੈ, ਕੁਝ ਇਤਿਹਾਸ ਦੀਆਂ ਕਿਤਾਬਾਂ ਜਾਂ ਹਿੰਦੁਸਤਾਨੀ ਅਖ਼ਬਾਰ। ਅੰਤ ਵਿਚ ਉਹ ਇਸ ਗੱਲ ਦਾ ਵੀ ਸੁਝਾਉ ਦਿੰਦਾ ਹੈ ਕਿ ਕਿਤਾਬਾਂ ਭੇਜਣ ਲਈ ਉਹ ਸ਼ਿਵ ਸਿੰਘ ਦੀ ਕਦਰ ਕਰੇਗਾ ਉਸ ਨੂੰ ਬਹੁਤੇ ਖ਼ਰਚ ਖ਼ਤਰੇ ਵਿਚ ਨਹੀਂ ਪੈਣਾ ਚਾਹੀਦਾ।

ਇਹ ਚਿੱਠੀ ਕਠੋਰ ਨਹੀਂ ਹੈ। ਇਕ ਥਾਂ ਊਧਮ ਸਿੰਘ ਲਿਖਦਾ ਹੈ ਕਿ ਉਹ ਦੁਬਾਰਾ ਜਨਮ ਲਵੇਗਾ ਕਿਉਂਕਿ ਉਹਨੂੰ ਸਜ਼ਾ-ਏ-ਮੌਤ ਮਿਲਣ ਦੀ ਬਹੁਤ ਸੰਭਾਵਨਾ ਹੈ। ਉਹ ਕਹਿੰਦਾ ਹੈ ਕਿ ਮੈਂ ਆਪਣੇ ਕੇਸ ਲਈ ਬਹੁਤ ਉਡੀਕ ਕੀਤੀ ਹੈ। ਉਸ ਦੇ ਖ਼ਤ ਵਿਚ ਕਈ ਗੱਲਾਂ ਹਨ ਜਿਹਨਾਂ ਵਿਚੋਂ ਉਸ ਦੇ ਹਾਸਿਆਂ ਦੀ ਰੁਚੀ ਪ੍ਰਗਟ ਹੁੰਦੀ ਹੈ। ਮੈਨੂੰ ਇਸ ਤੋਂ ਚੰਗੇ ਕਿਲ੍ਹੇ 'ਚ ਜਾਣ ਦੀ ਉਮੀਦ ਹੈ, ਉਹ ਲਿਖਦਾ ਹੈ, ਮੇਰੇ ਕਈ ਅੰਗ-ਰੱਖਿਅਕ ਹਨ ਅਤੇ ਮੇਰੀ ਦੇਖ-ਭਾਲ ਚੰਗੀ ਹੁੰਦੀ ਹੈ। ਉਹ ਆਪਣੀ ਜੇਲ੍ਹ ਦੀ ਸਥਿਤੀ ਬਾਰੇ ਨੋਟ ਵਿਚ ਲਿਖਦਾ ਹੈ। ਮੈਂ ਜਾਰਜ ਬਾਦਸ਼ਾਹ ਦਾ ਮਹਿਮਾਨ ਹਾਂ। ਇਥੇ ਇਹ ਗੱਲ ਕਹਿਣ ਦੀ ਲੋੜ ਹੈ ਕਿ ਇਹ ਹਾਸੇ ਮਜ਼ਾਕ ਜਿੰਨੇ ਸਿਰਨਾਮਾਦਾਰ ਲਈ ਸਨ ਓਨੇ ਹੀ ਸੈਂਸਰ ਲਈ।

20 ਮਾਰਚ 1940 ਵਾਲੀ ਦੂਸਰੀ ਚਿੱਠੀ ਸ਼ਿਵ ਸਿੰਘ ਜੌਹਲ ਸਕੱਤਰ ਖ਼ਾਲਸਾ ਜਥਾ, 79 ਸਿੰਕਲੇਅਰ ਰੋਡ, ਲੰਡਨ, ਪੱਛਮ-14 ਲਈ ਹੈ। ਹੁਣ ਤਾਈਂ ਪਹਿਲੀ ਚਿੱਠੀ ਵਾਲਾ ਸ੍ਰੀ ਸਿੰਘ ਉੱਤਰ ਦੇ ਚੁੱਕਾ ਸੀ। ਇੰਝ ਊਧਮ ਸਿੰਘ ਜਿਵੇਂ ਉਹਨੂੰ ਜਾਣਨ ਲੱਗ ਗਿਆ ਹੁੰਦਾ ਹੈ। ਊਧਮ ਸਿੰਘ ਭੇਜੀਆਂ ਕਿਤਾਬਾਂ ਲਈ ਧੰਨਵਾਦੀ ਹੈ। ਉਹ ਹੋਣ ਵਾਲੇ ਇਮਤਿਹਾਨ ਵੱਲ ਇਸ਼ਾਰਾ ਕਰਦਾ ਹੈ, ਜਿਸ ਵਿਚ ਉਸ ਨੂੰ ਜ਼ਿੰਦਗੀ 'ਚ ਮਿਲਣ ਵਾਲੀ ਸਭ ਤੋਂ ਉੱਚੀ ਡਿਗਰੀ ਮਿਲ ਜਾਵੇਗੀ। ਜੇ ਊਧਮ ਸਿੰਘ ਨੂੰ ਵਾਕਈ ਕਿਤਾਬਾਂ ਦੀ ਲੋੜ ਸੀ, ਸਿਰਫ਼ ਕਿਤਾਬਾਂ ਹੀ ਚਾਹੀਦੀਆਂ ਸਨ ਤਾਂ ਚਿੱਠੀ ਦਾ ਇਥੇ ਅੰਤ ਹੋ ਸਕਦਾ ਸੀ ਪਰ ਚਿੱਠੀ ਵਿਚ ਪਿੱਛ-ਲਿਖਤ ਚਿੱਠੀ ਤੋਂ ਵੀ ਲੰਬੀ ਹੈ। ਪਿੱਛ-ਲਿਖਤ ਦੀ ਵਸਤੂ ਵੀ ਬਹੁਤ ਦਿਲਚਸਪ ਹੈ।

ਊਧਮ ਸਿੰਘ ਕਿਸੇ ਭੱਦਰ ਪੁਰਸ਼ ਦੀ ਗੱਲ ਕਰਦਾ ਹੈ। ਜਿਹੜਾ ਉਹਨੂੰ ਈਸਾਈ ਬਣਾਉਣ ਲਈ ਜੇਲ੍ਹ ਵਿਚ ਰੋਜ਼ਾਨਾ ਮਿਲਣ ਆਉਂਦਾ ਹੈ। ਕਿਉਂ ਕਿ ਭੱਦਰਪੁਰਸ਼ ਨਾਲੇ ਆਪਣਾ ਨਾਲੇ ਮੇਰਾ ਵਕਤ ਖ਼ਰਾਬ ਕਰਦਾ ਹੈ। ਊਧਮ ਸਿੰਘ ਦਾ ਖ਼ਿਆਲ ਹੈ ਕਿ ਜੇ ਉਹ ਈਸਾਈ ਮੱਤ ਪਰਵਾਨ ਕਰ ਲਵੇ ਤਾਂ ਉਹਨੂੰ ਵਾਪਸ ਮੁੜਨ ਤੇ ਚੰਗੀ ਸਰਕਾਰੀ ਨੌਕਰੀ ਮਿਲ ਸਕਦੀ ਹੈ। ਇਹ ਨਹੀਂ ਕਿ ਉਹ ਡੋਲ ਗਿਆ ਸੀ ਪਰ ਉਹ ਇਸ ਵਾਕ ਨੂੰ ਅਗਲੀ ਗੱਲ ਕਹਿਣ ਲਈ ਵਰਤਦਾ ਹੈ ਜਿਹੜੀ ਇਸ ਤੋਂ ਬਾਅਦ ਸੁਭਾਵਿਕ ਹੀ ਆ ਜਾਂਦੀ ਹੈ : ਮੈਂ ਪੱਟਨੀ ਦੀ ਮਸਜਿਦ ਨੂੰ ਵੀ ਕੁਰਆਨ ਸ਼ਰੀਫ ਲਈ ਲਿਖਿਆ ਹੈ। ਉਸ ਨੂੰ ਕਿਸੇ ਪ੍ਰਤੀਕਰਮ ਦੀ ਉਮੀਦ ਨਹੀਂ ਸੀ। ਉਸ ਨੂੰ ਇਸ ਦੀ ਚਿੰਤਾ ਵੀ ਨਹੀਂ ਸੀ, ਉਹ ਤਾਂ ਵੀ ਮੁਹੰਮਦ ਸਿੰਘ ਸੀ। ਉਹ ਅੱਗੇ ਚੱਲਕੇ ਕਹਿੰਦਾ ਹੈ ਕਿ ਜੇਲ੍ਹ ਦੇ ਵਾਸੀਆਂ ਨੂੰ ਪਾਦਰੀ ਆਦਿ ਮਿਲ ਸਕਦੇ ਹਨ। ਇਸ ਕਰਕੇ ਉਹਦੀ ਸਿੱਖ ਭਾਈ ਨੂੰ ਮਿਲਣ ਦੀ ਖਾਹਸ਼ ਹੈ। ਕੇਵਲ ਮਨੋਰਥ ਚਿੱਠੀ ਰਾਹੀਂ ਸੰਪਰਕ ਬਣਾਉਣ ਤੋਂ ਬਾਅਦ ਸ਼ਿਵ

ਸਿੰਘ ਨਾਲ ਮੁਲਾਕਾਤ ਕਰਨ ਦਾ ਸੀ।

ਚਿੱਠੀ ਵਿਚ ਪਿੱਛ-ਲਿਖਤ ਹੈ। ਊਧਮ ਸਿੰਘ ਮੋਹਨ ਸਿੰਘ ਨੂੰ ਸੂਰ ਕਹਿੰਦਾ ਹੈ, ਕਿਉਂਕਿ ਉਹ ਲੰਡਨ ਛੱਡ ਗਿਆ ਹੈ। ਊਧਮ ਸਿੰਘ ਨਵੇਂ ਭਾਈ ਨੂੰ ਜਾਣਦਾ ਨਹੀਂ ਹੈ। ਸਿੱਖ ਭਾਈ ਭਾਵੇਂ ਕੋਈ ਵੀ ਹੋਵੇ ਉਹ ਭਾਈ ਨੂੰ ਦੋਵੇਂ ਹੱਥ ਜੋੜ ਕੇ ਸਤਿ-ਸ੍ਰੀ-ਅਕਾਲ ਆਖੇਗਾ। ਉਹ ਨੋਟ ਵਿਚ ਉਰਦੂ ਕਿਤਾਬਾਂ ਦੀ ਮੰਗ ਕਰਦਾ ਹੈ ਅਤੇ ਮਹੱਤਵਪੂਰਨ ਸੁਝਾਉ ਦਿੰਦਾ ਹੈ : ਮੈਂ ਅੰਗਰੇਜ਼ੀ ਦਾ ਕੁਰਆਨ ਸ਼ਰੀਫ਼ ਕਿਸੇ ਪੂਰਬ ਦੇ ਵਾਸੀ ਨੂੰ ਪਹਿਲਾਂ ਹੀ ਦਿੱਤਾ ਹੋਇਆ ਹੈ। ਜੇ ਤੁਸੀਂ ਉਸ ਪਾਸੇ ਜਾਓ ਤਾਂ ਪੁੱਛ-ਗਿੱਛ ਕਰਨੀ। ਮੇਰਾ ਖ਼ਿਆਲ ਹੈ ਕਿ ਇਕ ਅਜਿਹੀ ਲਾਇਬ੍ਰੇਰੀ ਵੀ ਹੈ ਜਿੱਥੇ ਉਹ **ਹਿੰਦੁਸਤਾਨੀ ਕਿਤਾਬਾਂ** ਵੀ ਰੱਖਦੇ ਹਨ। ਪਰਤੱਖ ਹੀ ਊਧਮ ਸਿੰਘ ਦਾ **ਕੁਰਆਨ ਸ਼ਰੀਫ** ਮੁਤਬੱਰਕ ਕਿਤਾਬ ਨਹੀਂ ਸਗੋਂ ਕੋਈ ਹੋਰ ਚੀਜ਼ ਹੈ। ਉਹ ਕਿਸੇ ਸੰਭਵ ਸ਼ੱਕ ਨੂੰ ਮਿਟਾਉਣ ਲਈ ਬਾਅਦ 'ਚ ਇਹ ਵੀ ਲਿਖ ਦਿੰਦਾ ਹੈ ਕਿ ਉਹ ਅਪਾਣੇ ਪਰਮਾਤਮਾ ਨੂੰ ਹਿੰਦੁਸਤਾਨ ਹੀ ਛੱਡ ਆਇਆ ਹੈ ਅਤੇ ਉਸ ਨੂੰ ਅੰਗਰੇਜ਼ੀ ਰੱਬ ਦੀ ਸਮਝ ਨਹੀਂ ਹੈ। ਉਹ ਗਊ ਅਤੇ ਸੂਅਰ ਵੀ ਖਾ ਲੈਂਦਾ ਹੈ ਕਿਉਂਕਿ ਇਹ ਯੂਰਪੀ ਹਨ। ਜੇ ਅਸੀਂ ਊਧਮ ਸਿੰਘ ਦੀਆਂ ਚਿੱਠੀਆਂ ਦੇ ਲਫ਼ਜ਼ੀ ਮਾਅਨਿਆਂ ਵੱਲ ਹੀ ਜਾਈਏ ਤਾਂ ਅਸੀਂ ਉਹਨੂੰ ਸਰਾਸਰ ਗਲਤ ਸਮਝਾਂਗੇ।

30 ਮਾਰਚ 1940 ਦੀ ਤੀਸਰੀ ਚਿੱਠੀ 'ਊਧਮ ਸਿੰਘ ਵਲੋਂ ਅਧਿਕਾਰੀਆਂ ਨੇ ਸ੍ਰੀ ਜਾਹਲ ਸਿੰਘ, ਸਕੱਤਰ ਗੁਰਦੁਆਰਾ, 79 ਸਿੰਕਲੇਅਰ ਰੋਡ, ਲੰਡਨ, ਪੱਛਮ-14 ਨੂੰ ਭੇਜੀ ਹੈ। ਇਹ ਪਿਆਰਾ ਸ੍ਰੀ ਜਾਹਲ ਸਿੰਘ ਸ਼ਿਵ ਸਿੰਘ ਜੌਹਲ ਹੀ ਹੈ। ਊਧਮ ਸਿੰਘ ਨੇ ਕਨੌੜੇ ਦਾ ਐੜਾ ਬਣਾ ਕੇ ਆਪਣੇ ਮਿੱਤਰ ਨੂੰ ਜਾਹਲ (ਬੁੱਧੂ) ਬਣਾ ਦਿੱਤਾ ਹੈ। ਸ਼ਿਵ ਸਿੰਘ ਊਧਮ ਸਿੰਘ ਦੀਆਂ ਚਿੱਠੀਆਂ ਦਾ ਮਤਲਬ ਸਮਝਣ ਤੋਂ ਅਸਮਰਥ ਰਿਹਾ ਸੀ। ਊਧਮ ਸਿੰਘ ਸ਼ਿਵ ਸਿੰਘ ਦੀਆਂ ਭੇਜੀਆਂ ਕਿਤਾਬਾਂ ਵਾਪਸ ਕਰ ਰਿਹਾ ਸੀ ਅਤੇ ਹੋਰ ਕਿਤਾਬਾਂ ਮੰਗੀਆਂ ਸਨ। ਉਹਨੂੰ ਕਿਤਾਬਾਂ ਪੜ੍ਹਨ 'ਚ ਬੜਾ ਸੁਆਦ ਆਇਆ। ਉਹ ਆਪਣੀ ਜੇਲ੍ਹ ਦੀ ਰਿਹਾਇਸ਼ ਦਾ ਅਤੇ ਸ਼ਾਹੀ ਮਹਿਮਾਨ ਹੋਣ ਦਾ ਲੁਤਫ ਲੈ ਰਿਹਾ ਸੀ। ਉਸ ਦਾ ਭਾਰ ਵੀ ਵਧ ਗਿਆ ਸੀ। ਊਧਮ ਸਿੰਘ ਨੂੰ ਖੁਸ਼ੀ-ਖੁਸ਼ੀ ਮਰਨ ਦੀ ਜਾਂਚ ਸੀ। ਉਹਨੂੰ ਵਕੀਲ ਆਦਿ ਦੀ ਲੋੜ ਨਹੀਂ ਸੀ। ਉਹ ਆਪਣੇ ਫਾਂਸੀ ਨਾਲ ਹੋਣ ਵਾਲੇ ਵਿਆਹ ਨੂੰ ਉਡੀਕ ਰਿਹਾ ਸੀ। ਉਹ ਨਹੀਂ ਚਾਹੁੰਦਾ ਸੀ ਕਿ ਦੂਸਰੇ ਆਦਮੀ ਉਹਦੀ ਖ਼ਾਤਿਰ ਕਸ਼ਟ ਕਰਨ। ਇਸ ਚਿੱਠੀ ਵਿਚ ਭਗਤ ਸਿੰਘ ਵੱਲ ਸਾਫ਼ ਇਸ਼ਾਰਾ ਹੈ : ਮੈਨੂੰ ਕਿਸੇ ਗੱਲ ਦਾ ਅਫ਼ਸੋਸ ਨਹੀਂ ਕਿਉਂਕਿ ਮੈਂ ਦੇਸ਼ ਦਾ ਸਿਪਾਹੀ ਹਾਂ।[6] ਕੋਈ ਦਸ ਕੁ ਸਾਲ ਹੋਏ ਕਿ ਮੇਰਾ ਸਭ ਤੋਂ ਵਧੀਆ ਦੋਸਤ ਮੈਨੂੰ ਪਿੱਛੇ ਛੱਡ ਗਿਆ। ਮੈਨੂੰ ਯਕੀਨ ਹੈ ਕਿ ਮਰਨ ਤੋਂ ਬਾਅਦ ਮੈਂ ਉਹਨੂੰ ਮਿਲਾਂਗਾ। ਉਹ ਮੇਰੀ ਉਡੀਕ ਕਰ ਰਿਹਾ ਹੈ। ਊਧਮ ਸਿੰਘ ਪੱਤਰ, ਪੁਸਤਕਾਂ ਭੇਜਣ ਲਈ ਜ਼ੋਰਦਾਰ ਬੇਨਤੀ ਕਰਦਾ ਹੈ। ਜਿਹਨਾਂ ਵਿਚ ਧਾਰਮਿਕ ਕਿਤਾਬਾਂ ਵੀ ਹਨ। ਚੰਗਾ ਹੁੰਦਾ ਜੇ ਅਸੀਂ ਉਹਦੇ ਕੋਡ ਨੂੰ ਜਾਣਦੇ ਹੁੰਦੇ।

6 ਅਪ੍ਰੈਲ 1940 ਵਾਲੀ ਚੌਥੀ ਚਿੱਠੀ ਵਿਚ ਊਧਮ ਸਿੰਘ ਅਜੇ ਵੀ ਕਿਤਾਬਾਂ ਦੀ ਆਸ ਲਾਈ ਬੈਠਾ ਹੈ। ਉਹ ਜੇਲ੍ਹ ਵਿਚ ਖੁਸ਼ ਸੀ, ਖਾਣ ਨੂੰ ਚੌਲ ਕੜ੍ਹੀ ਸੀ, ਉਹ ਬਹੁਤ ਆਰਾਮ ਕਰ ਰਿਹਾ ਸੀ, ਪਰੰਤੂ ਉਸ ਨੂੰ ਹਿੰਦੁਸਤਾਨੀ ਕਿਤਾਬਾਂ ਦੀ ਘਾਟ ਸੀ। ਇਹ ਚਿੱਠੀ ਪਿਆਰੇ ਮਿੱਤਰਾਂ ਨੂੰ ਸਕੱਤਰ, ਖ਼ਾਲਸਾ ਜਥਾ, 79 ਸਿੰਕਲੇਅਰ ਰੋਡ, ਲੰਡਨ, ਪੱਛਮ-14 ਰਾਹੀਂ ਭੇਜੀ ਗਈ ਹੈ। ਉਹ ਹੱਥ-ਲਿਖਤ ਵਿਚ ਕਚਹਿਰੀ 'ਚ ਸੌਂਹ ਖਾਣ ਲਈ **ਹੀਰ ਵਾਰਿਸ ਸ਼ਾਹ** ਦੀ ਮੰਗ ਕਰਦਾ ਹੈ।

ਉਸ ਸਮੇਂ ਅਮਰ ਪ੍ਰੇਮ ਦਾ ਸ਼ਾਇਰ ਵਾਰਿਸ ਸ਼ਾਹ ਊਧਮ ਸਿੰਘ ਦਾ ਭਾਈ ਸੀ। ਉਹਦੇ ਤੇ ਕਤਲ ਦੀ ਫਰਦ ਜੁਰਮ ਲੱਗ ਚੁਕੀ ਸੀ। ਮੁਕੱਦਮਾ ਚਲਾਉਣ ਵਾਲਿਆਂ ਨੇ ਉਸ ਦੀ ਸ਼ਨਾਖ਼ਤ ਕਰ ਲਈ ਸੀ। ਉਹਨਾਂ ਨੇ ਹਾਊਸ ਆਫ ਕਾਮਨਜ਼ ਵਿਚ ਮੇਰਾ ਨਾਂਉ ਬਦਲ ਦਿੱਤਾ ਹੈ। ਉਹ ਲਿਖਦਾ ਹੈ ਕਿ ਸ੍ਰੀਮਤੀ ਚੈਂਬਰਲੇਨ ਨੇ ਮੈਨੂੰ ਊਧਮ ਸਿੰਘ ਕਿਹਾ ਹੈ 'ਇਹ ਹਵਾਲਾ ਬਿਲਾ ਸ਼ੱਕ ਲਾਰਡ ਚੈਂਬਰਲੇਨ ਨੂੰ ਹੈ ਲੇਡੀ ਚੈਂਬਰਲੇਨ ਨੂੰ ਨਹੀਂ।'

14 ਅਪ੍ਰੈਲ 1940 ਵਾਲੀ ਪੰਜਵੀਂ ਚਿੱਠੀ ਵਿਚ ਊਧਮ ਸਿੰਘ ਸ਼ਿਕਾਇਤ ਕਰਦਾ ਹੈ ਕਿ ਜੇਲ੍ਹ ਵਿਚ ਉਹਦੇ ਨਾਲ ਬਦਸਲੂਕੀ ਹੁੰਦੀ ਹੈ। ਇਸ ਦਾ ਮਤਲਬ ਸਿਰਫ਼ ਇੰਨਾ ਹੀ ਹੈ ਕਿ ਬਾਕੀ ਮੁਲਜ਼ਮਾਂ ਨੂੰ ਧਾਰਮਿਕ ਕਿਤਾਬਾਂ ਰੱਖਣ ਦੀ ਆਗਿਆ ਹੈ, ਉਸ ਨੂੰ ਨਹੀਂ। ਜੇਲ੍ਹ ਅਧਿਕਾਰੀ ਜ਼ਿਆਦਾ ਚੌਕਸ ਅਤੇ ਸਖ਼ਤ ਹੋ ਰਹੇ ਸਨ। ਊਧਮ ਸਿੰਘ ਆਪਣੇ ਮਿੱਤਰ ਨੂੰ ਲਿਖਦਾ ਹੈ ਕਿ ਜੇਲ੍ਹ ਦਾ ਗਵਰਨਰ ਬੜਾ ਸਖ਼ਤ ਆਦਮੀ ਹੈ, ਅਤੇ 'ਹਰ ਪੰਜੀ ਮਿੰਟੀ' ਆਪਣਾ ਫ਼ੈਸਲਾ ਬਦਲ ਦਿੰਦਾ ਹੈ। ਖੈਰ, ਸ਼ਿਵ ਸਿੰਘ ਨੂੰ ਮਹੀਨਾ ਭਰ ਊਧਮ ਸਿੰਘ ਦਾ ਕੋਈ ਪੱਤਰ ਨਾ ਆਇਆ। ਛੇਵੀਂ ਚਿੱਠੀ 20 ਮਈ ਦੀ ਲਿਖੀ ਹੋਈ ਹੈ। ਇਹ ਸਿੱਖ ਗੁਰਦੁਆਰਾ ਸ਼ੈਫਰਜ਼ ਬੁਸ਼ ਦੇ ਸਕੱਤਰ ਨੂੰ ਹੈ। ਇਸ ਦੀ ਮਹੱਤਵਪੂਰਨ ਗੱਲ ਇਸ ਵਿਚ

Sri Satguru Jagjit Singh Ji Elibrary NamdhariElibrary@gmail.com

ਸਪੱਸ਼ਟਤਾ ਅਤੇ ਸ਼ੁੱਧ ਅੰਗ੍ਰੇਜ਼ੀ ਹੈ। ਕੀ ਤੁਸੀਂ ਮੇਰੇ ਓਲਡ ਬੇਲੀ 'ਚ ਜਾਣ ਤੋਂ ਪਹਿਲਾਂ ਮੈਨੂੰ ਮਿਲਣ ਲਈ ਸਮਾਂ ਕੱਢ ਸਕੋਗੇ ਕਿਉਂਕਿ ਮੁਕੱਦਮੇ ਤੋਂ ਬਾਅਦ ਮੈਂ ਤੁਹਾਨੂੰ ਸ਼ਾਇਦ ਨਾ ਮਿਲ ਸਕਾਂ।"

ਊਧਮ ਸਿੰਘ ਦਾ 20 ਮਈ 1940 ਦਾ ਖ਼ਤ ਆਖ਼ਰੀ ਖ਼ਤ ਸੀ। ਉਹਦੇ ਤੇ 4 ਜੂਨ ਨੂੰ ਮੁਕੱਦਮਾ ਚਲਾਇਆ ਗਿਆ ਸੀ। ਅਗਲੇ ਦਿਨ ਫਾਂਸੀ ਦੀ ਸਜ਼ਾ ਹੋ ਗਈ ਸੀ, ਉਸ ਦੀ 7 ਜੂਨ ਵਾਲੀ ਚਿੱਠੀ ਕਿਸੇ ਜੇਲ੍ਹ ਅਧਿਕਾਰੀ ਨੇ ਉਸ ਦੇ ਲਈ ਲਿਖੀ ਹੋਈ ਹੈ। ਉਸ ਨੇ ਤਾਂ ਕੇਵਲ ਦਸਤਖ਼ਤ ਹੀ ਕੀਤੇ ਹਨ। ਇਸ ਚਿੱਠੀ ਵਿਚ ਗੁਟਕਾ ਭੇਜਣ ਲਈ ਸੰਖੇਪ ਅਤੇ ਰਸਮੀਆ ਬੇਨਤੀ ਸੀ। ਇਸ ਤੋਂ ਬਾਅਦ ਪੈਂਨਟਨਵਿਲ ਜੇਲ੍ਹ 'ਚ ਜਾ ਕੇ ਉਹਦਾ ਬਾਹਰੀ ਦੁਨੀਆਂ ਨਾਲ ਹਮੇਸ਼ਾ ਲਈ ਸੰਪਰਕ ਖ਼ਤਮ ਹੋ ਗਿਆ।

ਸ਼ਿਵ ਸਿੰਘ ਜੋਹਲ ਦੇ ਸੰਗ੍ਰਹਿ ਦੇ ਉੱਨੀ ਦੇ ਉੱਨੀ ਦਸਤਵੇਜ਼ਾਂ ਵਿਚ ਅਨੁਚਿੱਤਰ, ਕਈ ਉਤਾਰੇ ਹਨ। ਦਸਤਾਵੇਜ਼ਾਂ ਦੇ ਉਤਾਰਿਆਂ ਵਿਚ ਮੂਲ ਦੇ ਨੇੜੇ ਤੋਂ ਨੇੜੇ ਰਹਿਣ ਦੀ ਕੋਸ਼ਿਸ਼ ਕੀਤੀ ਹੈ। ਹਰ ਇਕ ਦਸਤਾਵੇਜ਼ ਦੀ ਸੰਖੇਪ ਟਿੱਪਣੀ ਪਾਠ ਨੂੰ ਸਾਫ਼ ਕਰਨ ਅਤੇ ਉਹਦੀ ਬੁਨਿਆਦੀ ਮਹੱਤਤਾ ਨੂੰ ਦੱਸਣ ਲਈ ਹੈ।

ਸਹਾਇਕ ਪੁਸਤਕ ਸੂਚੀ

1. ਗੁਰਮੁਖ ਸਿੰਘ ਮੁਸਾਫਿਰ, ਵੀਹਵੀਂ ਸਦੀ ਦੇ ਸ਼ਹੀਦ, ਵਿਦਿਆ ਪ੍ਰਕਾਸ਼ਨ, ਅੰਮ੍ਰਿਤਸਰ, 1968,
2. ਫ਼ੌਜਾ ਸਿੰਘ, ਪੰਜਾਬ ਦੇ ਸਿਧ ਸੁਤੰਤਰਤਾ ਸੰਗਰਾਮੀਏ, ਨੈਸ਼ਨਲ ਪ੍ਰੈਸ਼ ਆਫ ਇੰਡੀਆ, ਦਿੱਲੀ, 1973
3. ਕੁਲਬੀਰ ਸਿੰਘ, ਸਰਦਾਰ, ਪੰਜਾਬ ਕਿਤਾਬ ਘਰ, ਜਲੰਧਰ, 1967,
4. ਕੇਸਰ ਸਿੰਘ, ਸ਼ਹੀਦ ਊਧਮ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972,
5. ਮਨੋਹਰ ਸਿੰਘ ਗਿੱਲ, ਇਲੱਸਟਰੈਟਿਡ ਵੀਕਲੀ, ਨਵੀਂ ਦਿੱਲੀ, 1972.
6. ਭਗਤ ਲਕਸ਼ਮਣ ਸਿੰਘ, ਸਵੈਜੀਵਨੀ (ਸੰਪਾ. ਗੰਡਾ ਸਿੰਘ), ਕਲਚਰਲ ਸੈਂਟਰ ਕਲਕੱਤਾ, 1966.

ਜਲ ਬੋਲੀਆਂ

ਕੂੜੇ ਨਾਲ ਨੇ ਤੂਸੀਆਂ ਨਦੀਆਂ,
ਪੂਜਕਾਂ ਨੇ ਪੂਜ ਪੂਜ ਕੇ

ਗੰਦ ਜਲ ਦੀ ਭੇਟ ਸਭ ਕਰਦੇ
ਜਲ ਤਾਈਂ ਕਹਿਣ ਦੇਵਤਾ

ਵਹਿਣ ਨਦੀ ਦਾ ਲਿਫਾਫਿਆਂ ਨੇ ਰੋਕਿਆ
ਆਪਾਂ ਨੂੰ ਕੀ ਕਹੇ ਦੁਨੀਆਂ

ਗੰਦ ਪਾਉਣ ਤੋਂ ਰੋਕ ਨਾ ਸਾਨੂੰ
ਦੱਸ ਕਿਹੜਾ ਨਹੀ ਕਰਦਾ ?

ਕੈਮੀਕਲਾਂ ਦਾ ਤੇਜ਼ਾਬੀ ਪਾਣੀ
ਕਿਹੜਾ ਆਰੋ ਸਾਫ ਕਰ ਦਊ

ਰਿਹਾ ਜਾਨ ਦਾ ਫਿਕਰ ਨਾ ਕੋਈ
ਪੈਸੇ ਦੀ ਹਵਸ ਵਧ ਗਈ

ਪਹਿਲਾਂ ਨਦੀਆਂ ਚ ਕੈਮੀਕਲ ਪਾ ਕੇ
ਧੂਰਤਾਂ ਨੇ ਪਾਣੀ ਵੇਚਣਾ

ਯੁੱਗ ਆਉਣ ਵਾਲਾ ਜਾਪਦੈ ਪੁਰਾਣਾ
ਪੈਦਾ ਨੇ ਕੰਧਾਰੀ ਹੋ ਰਹੇ

ਛੇਤੀ ਹੋਣਗੇ ਪਾਣੀ ਤੇ ਕਬਜ਼ੇ
ਜੰਗਾਂ ਹੋਣ ਜਲ ਬਦਲੇ

ਵੱਡਾ ਆਕਲ ਕਹਾਵੇਂ ਬੰਦਿਆ
ਖੂਹ ਖਾਲੀ ਅਕਲਾਂ ਬਿਨਾ

ਅਸੀਂ ਦੇਸ਼ ਨੂੰ ਸਵੱਛ ਬਣਾਉਣਾ
ਨਦੀਆਂ ਚ ਕੂੜਾ ਰੋੜ੍ਹ ਕੇ

ਗੰਦਾ ਬੰਦੇ ਦੇ ਸੀਵਰ ਦਾ ਪਾਣੀ
ਪੀਂਦੇ ਬੰਦੇ ਨਦੀਆਂ ਚੋਂ

ਜਿਨਾਂ ਚਿਰ ਹੈ ਦਿਮਾਗਾਂ ਵਿੱਚ ਕਚਰਾ
ਨਦੀਆਂ ਚ ਵਹਿਣਾ ਕਚਰਾ

-ਲਖਵਿੰਦਰ ਸਿੰਘ ਬਾਜਵਾ

ਬ੍ਰਹਮਚਰਯ

✍- ਗੁਰਬਖਸ਼ ਸਿੰਘ ਪ੍ਰੀਤ ਲੜੀ

ਇਸ ਵਿਸ਼ੇ ਬਾਬਤ ਬੜੇ ਗਲਤ ਖ਼ਿਆਲ ਪ੍ਰਚਲਿਤ ਹਨ। ਆਮ ਅਰਥਾਂ ਵਿਚ ਬ੍ਰਹਮਚਾਰੀ ਉਹਨੂੰ ਆਖਿਆ ਜਾਂਦਾ ਹੈ, ਜਿਸ ਦਾ ਕਿਸੇ ਇਸਤ੍ਰੀ ਨਾਲ ਸਰੀਰਕ ਸੰਬੰਧ ਨਾ ਹੋਵੇ। ਪਰ ਮੈਨੂੰ ਜਿੰਨੇ ਵੀ ਬ੍ਰਹਮਚਾਰੀਆਂ ਨਾਲ ਮੁਲਾਕਾਤ ਦਾ ਮੌਕਾ ਮਿਲਿਆ ਹੈ, ਮੈਂ ਉਨ੍ਹਾਂ ਦੇ ਚਿਹਰੇ 'ਤੇ ਆਤਮਾ ਵਿਚ ਬ੍ਰਹਮਚਰਯ ਦੀ ਰੌਸ਼ਨੀ ਨਹੀਂ ਵੇਖੀ, ਕਿਉਂਕਿ ਇਕ ਵੀ ਬ੍ਰਹਮਚਾਰੀ ਮੈਨੂੰ ਐਸਾ ਨਹੀਂ ਮਿਲਿਆ, ਜਿਹੜਾ ਆਪਣੇ ਮਨ ਵਿਚੋਂ ਕਾਮ-ਚੇਸ਼ਟਾ ਕਾਮਯਾਬੀ ਨਾਲ ਕੱਢ ਸਕਿਆ ਹੋਵੇ। ਗਿਹਸਤੀ ਆਦਮੀ ਤੇ ਮੈਂ ਕਈ ਵੇਖੇ ਹਨ ਜਿਨ੍ਹਾਂ ਵਿਚ ਕਾਮ-ਚੇਸ਼ਟਾ ਬਿਲਕੁਲ ਪ੍ਰਤਖ ਨਹੀਂ ਹੁੰਦੀ, ਪਰ ਬ੍ਰਹਮਚਾਰੀ ਲਈ ਇਹ ਬੜੀ ਕਠਿਨ ਅਵਸਥਾ ਹੈ। ਜਿਸ ਤਰ੍ਹਾਂ ਵਰਤ ਰੱਖ ਕੇ ਰੋਟੀ ਤੇ ਪਾਣੀ ਦਾ ਖ਼ਿਆਲ ਮਨ ਵਿਚ ਨਾ ਆਉਣ ਦੇਣਾ ਅਸੰਭਵ ਹੈ।

ਮੈਂ ਉਸ ਗ੍ਰਿਹਸਤੀ ਦੇ ਚਿਹਰੇ ਉਤੇ ਬ੍ਰਹਮਚਰਯ ਦੀ ਰੌਣਕ ਵੇਖੀ ਹੈ ਜਿਹੜਾ ਹਮੇਸ਼ਾਂ ਆਪਣੇ ਕੰਮ ਨਾਲ ਭਰਪੂਰ ਰਹਿੰਦਾ ਹੈ ਤੇ ਉਸ ਦਾ ਆਪਣੀ ਪਤਨੀ ਨਾਲ ਪਿਆਰ ਵੀ ਹੈ, ਦੋਵੇਂ ਪਤੀ ਪਤਨੀ ਇਕੋ ਕੰਮ ਵਿਚ ਜੁੱਟੇ ਹੋਏ ਹਨ । ਕੰਮ ਕਰਦਿਆਂ ਕਰਦਿਆਂ ਕਦੇ ਇਕ ਦੂਜੇ ਦੀ ਕਦਰ ਦਾ ਜਜ਼ਬਾ ਉਛਲ ਪੈਂਦਾ ਹੈ, ਜਾਂ ਕੰਮ ਦੀ ਥਕਾਵਟ ਇਕ ਦੂਜੇ ਦੀ ਗੋਦ ਦੇ ਆਰਾਮ ਵਿਚ ਤਾਜ਼ਾ ਹੋਣਾ ਚਾਹੁੰਦੀ ਹੈ। ਦੋ ਆਤਮਾਵਾਂ ਬਹੁਤ ਨੇੜੇ ਹੋਣ ਦੀ ਖ਼ਾਹਿਸ਼ ਨਾਲ ਖਿੱਚੀਆਂ ਜਾਂਦੀਆਂ ਹਨ। ਉਸ ਵੇਲੇ ਕਾਮ-ਚੇਸ਼ਟਾ ਦਾ ਚਿਤ ਚੇਤਾ ਵੀ ਨਹੀਂ ਹੁੰਦਾ। ਬਰਸਾਤ ਪਿਛੋਂ ਚਮਕੀ ਧੁੱਪ ਦੇ ਨਿਘ ਵਿਚੋਂ ਅਚਾਨਕ ਕੋਈ ਚਿੱਟੀ ਜਿਹੀ ਖੁੰਭ ਸਿਰ ਚੁੱਕ ਲੈਂਦੀ ਹੈ। ਇਹ ਮਨੋਰਥ ਨਹੀਂ ਹੁੰਦਾ, ਇਕ ਸੁਆਦਲਾ ਜਿਹਾ ਹਾਦਸਾ ਹੁੰਦਾ ਹੈ ।

ਉਹ ਗ੍ਰਿਹਸਤੀ ਬ੍ਰਹਮਚਾਰੀ ਹੈ, ਜਿਸ ਦੇ ਰੋਜ਼ਾਨਾ ਜੀਵਨ ਵਿਚ ਕਾਮ-ਚੇਸ਼ਟਾ ਕੋਈ ਨਹੀਂ। ਜਿਹੜਾ ਆਪਣੇ ਮਨੋਰਥ ਦੀ ਮੰਜ਼ਿਲ ਵੱਲ ਮੂੰਹ ਕਰੀ ਆਪਣੇ ਸਾਥੀ ਨਾਲ ਕੰਮ ਕਰਦਾ ਤੁਰਿਆ ਜਾਂਦਾ ਹੈ, ਜਿਸ ਦਾ ਜੀਵਨ ਏਡਾ ਖਾਲੀ ਨਹੀਂ ਕਿ ਕਦਮ-ਕਦਮ ਉਤੇ ਕਿਸੇ ਓਪਰੀ ਉਕਸਾਹਟ ਨਾਲ ਹੀ ਸੁਰਜੀਤ ਰੱਖਿਆ ਜਾ ਸਕਦਾ ਹੋਵੇ, ਤੁਸੀਂ ਪੜਤਾਲ ਕਰ ਵੇਖੋ, ਜਿਨ੍ਹਾਂ ਜੋੜਿਆਂ ਦਾ ਮਾਨਸਿਕ ਮੇਲ ਘੱਟ ਹੁੰਦਾ ਹੈ ਉਹ ਬਹੁਤੇ ਕਾਮੀ ਹੁੰਦੇ ਹਨ। ਜਿਸ ਜੋੜੇ ਦੀ ਚੰਗੀ ਬਣ ਆਈ ਹੋਵੇ, ਉਹਨਾਂ ਨੂੰ ਕਾਮ-ਤ੍ਰਿਸ਼ਨਾ ਘੱਟ ਹੁੰਦੀ ਹੈ।

ਕਾਮ-ਸ਼ਕਤੀ ਮਨੁੱਖ ਦਾ ਸੁਨਹਿਰੀ ਖ਼ਜ਼ਾਨਾ ਹੈ । ਜਿਸ ਆਦਮੀ ਨੂੰ ਰੋਜ਼ਾਨਾ ਗੁਜ਼ਾਰੇ ਲਈ ਇਸ ਪੂੰਜੀ ਨੂੰ ਛੇੜਨਾ ਈ ਪੈਂਦਾ ਹੈ, ਉਸ ਦਾ ਵਿਹਾਰ ਜ਼ਰੂਰ ਘਾਟੇ ਵਿਚ ਰਿਹਾ ਹੋਵੇਗਾ । ਤੇ ਜਿਹੜਾ ਬ੍ਰਹਮਚਾਰੀ ਕਿਸੇ ਸਮੇਂ ਵੀ ਇਸ ਪੂੰਜੀ ਨੂੰ ਛੇੜਨ ਦੀ ਆਗਿਆ ਨਹੀਂ ਰੱਖਦਾ, ਉਸ ਲਈ ਇਹ ਹੋਈ ਨਾ ਹੋਈ ਇਕ ਬਰਾਬਰ ਹੈ।

ਉਹ ਨੌਜਵਾਨ ਜੋੜੇ ਆਪਣੀ ਭਲਾਈ ਤੋਂ ਅਨਜਾਣ ਹਨ, ਜਿਹੜੇ ਆਪਣੇ ਰੋਜ਼ਾਨਾ ਜੀਵਨ ਵਿਚੋਂ ਏਨੀ ਖ਼ੁਸ਼ੀ ਨਹੀਂ ਕਮਾ ਸਕਦੇ ਕਿ ਉਨ੍ਹਾਂ ਨੂੰ ਆਪਣੇ ਸੁਨਹਿਰੀ ਬੈਂਕ ਵਿੱਚੋਂ ਬਾਰ ਬਾਰ ਰਕਮਾਂ ਕਢਾਣ ਦੀ ਲੋੜ ਨਾ ਪਵੇ।

ਇਹ ਜਜ਼ਬਾ ਜੀਵਨ ਦੀ ਆਬ ਹੈ। ਸਿਆਣੇ ਲੋਕ ਆਪਣੀ ਕਮਾਈ ਦੀ ਹਰ ਬੱਚਤ ਨੂੰ ਸੋਨੇ ਵਿਚ ਬਦਲ ਕੇ ਔਖੇ ਵੇਲੇ ਜਾਂ ਕਿਸੇ ਵਡੇਰੇ ਕੰਮ ਲਈ ਜਮ੍ਹਾਂ ਕਰ ਰੱਖਦੇ ਹਨ। ਮਨੁੱਖ ਦੇ ਸਾਰੇ ਹੋਰ ਜਜ਼ਬੇ ਇਸ ਸ਼੍ਰੋਮਣੀ ਜਜ਼ਬੇ ਵਿਚ ਵਟਾਏ ਜਾ ਸਕਦੇ ਹਨ। ਜੀਕਰ ਸਾਡੇ ਜਮ੍ਹਾਂ ਹੋਏ ਸੋਨੇ ਦੀ ਭਾਅ ਸਾਡੇ ਨਕਸ਼ਾਂ ਉਤੇ ਪੈਂਦੀ ਰਹਿੰਦੀ ਹੈ, ਉਕਰ ਹੀ ਕਾਮ-ਜਜ਼ਬੇ ਦੀ ਸੰਭਾਲ ਸਾਡੀ ਆਤਮਾ ਨੂੰ ਖੁਸ਼ਨੁਮਾ-ਬਣਾਂਦੀ ਜਾਂਦੀ ਹੈ। ਅਮੀਰ ਆਦਮੀ ਦੇ ਨਕਸ਼ ਅਮੀਰ ਹੋ ਜਾਂਦੇ ਹਨ, ਉਸ ਦੀ ਅਦਾ ਸੁਖਾਲੀ ਹੋ ਜਾਂਦੀ ਹੈ, ਉਸ ਦੇ ਬੋਲ ਵਿਚ ਵਜ਼ਨ ਹੁੰਦਾ ਹੈ-ਸਿਰਫ ਇਸ ਲਈ ਕਿ ਉਸ ਦੇ ਕੋਲ ਕੋਈ ਪੂੰਜੀ ਹੈ। ਹੂ-ਬ-ਹੂ ਏਸੇ ਤਰ੍ਹਾਂ ਕਾਮ-ਜਜ਼ਬੇ ਦੀ ਬੱਚਤ ਦਾ ਸਾਡੀ ਸ਼ਖ਼ਸੀਅਤ ਉਤੇ ਅਸਰ ਪੈਂਦਾ ਹੈ। ਇਸ ਜਜ਼ਬੇ ਦੀ ਰੋਜ਼ਾਨਾ ਬੱਚਤ ਸਾਡੀ ਸ਼ਖ਼ਸੀਅਤ ਦੇ ਭਿੰਨ-ਭਿੰਨ ਭਾਗਾਂ ਵਿਚ ਰਚ ਜਾਂਦੀ ਹੈ । ਇਸ ਜਜ਼ਬੇ ਨੂੰ ਬੇ-ਪਰਵਾਹੀ ਨਾਲ ਵਰਤਣ ਵਾਲਾ ਆਦਮੀ ਕਦੇ ਸੁਹਣਾ ਤੇ ਵਿਸ਼ਵਾਸ਼ ਭਰਪੂਰ ਨਹੀਂ ਹੋ ਸਕਦਾ।

ਕਈ ਲੋਕ ਜਵਾਨੀ ਵਿਚ ਫਜ਼ੂਲ ਖ਼ਰਚੀਆਂ ਇਸ ਖਿਆਲ ਨਾਲ ਕਰਦੇ ਹਨ, ਕਿ ਉਨ੍ਹਾਂ ਦੇ ਸਾਹਮਣੇ ਲੰਮਾ ਭਵਿਸ਼ ਹੁੰਦਾ ਹੈ । ਪਰ ਜਵਾਨੀ ਹੀ ਸਮਾਂ ਹੈ, ਜਦੋਂ ਤਾਕਤ ਵਿਚ ਬੱਚਤ ਕੀਤੀ ਜਾ ਸਕਦੀ ਹੈ। ਬੁਢਾਪੇ ਵਿਚ ਆਮਦਨ ਘੱਟ ਜਾਂਦੀ ਹੈ, ਖ਼ਰਚ ਵਧ ਜਾਂਦੇ ਹਨ । ਓਦੋਂ ਮਸਾਂ ਪੂਰਿਆਂ ਹੋ ਸਕਣਾ ਵੀ ਔਖਾ ਹੁੰਦਾ ਹੈ। ਇਸ ਲਈ ਜਵਾਨੀ ਹੀ ਜੋੜਨ ਦਾ ਸਮਾਂ ਹੈ। ਜਵਾਨੀ ਵਿਚ ਆਪਣੇ ਸੋਨੇ ਤੇ ਕਾਮ ਨੂੰ ਸਾਂਭ ਕੇ ਰੱਖਣਾ ਹੀ ਕਾਮਯਾਬ ਜੀਵਨ ਦੀ ਜਾਚ ਹੈ ।

Sri Satguru Jagjit Singh Ji Elibrary NamdhariElibrary@gmail.com

ਮੈਂ ਇਸ ਗੱਲ ਦਾ ਕਾਇਲ ਨਹੀਂ, ਕਿ ਲਿੰਗ- ਸੰਬੰਧ ਦਾ ਮਨੋਰਥ ਸਿਰਫ ਸੰਤਾਨ ਹੈ, ਨਾ ਮੈਂ ਅਟੁੱਟ ਬ੍ਰਹਮਚਰਯ ਦੇ ਬ੍ਰਤ-ਧਾਰਨ ਦੇ ਹੱਕ ਵਿਚ ਹਾਂ । ਜਿਸ ਕੀਮਤੀ ਚੀਜ਼ ਜਾਂ ਜਜ਼ਬੇ ਦੇ ਕਦੇ ਵਰਤ ਸਕਣ ਦੀ ਗੁੰਜਾਇਸ਼ ਨਹੀਂ, ਉਹ ਸਾਡੇ ਜੀਵਨ ਦੀ ਦਿਲਚਸਪੀ ਨਹੀਂ ਬਣ ਸਕਦਾ। ਬ੍ਰਤ ਤੇ ਪ੍ਰਣ ਉਸ ਨੂੰ ਸਾਡੇ ਲਈ ਇਕ ਬਣਾ ਦੇਂਦੇ ਹਨ। ਇਸ ਜਜ਼ਬੇ ਨੂੰ ਕਦੇ ਵੀ, ਕਿਸੇ ਉਮਰ ਵਿਚ ਵੀ, ਇਸ ਤਰ੍ਹਾਂ ਆਪਣੇ ਜੀਵਨ 'ਚੋਂ ਖ਼ਾਰਜ ਨਹੀਂ ਕਰ ਦੇਣਾ ਚਾਹੀਦਾ, ਕਿ ਇਸ ਦੀਆਂ ਮਿਕਨਾਤੀਸੀ ' ਆਸਾਂ ਦਾ ਸਾਡੀ ਰੂਹ ਉਤੇ ਕੋਈ ਅਸਰ ਹੀ ਨਾ ਰਹੇ। ਗੇਟੇ ਵਰਗਾ ਬੁੱਢਾ ਕਵੀ ਅੱਸੀ ਵਰ੍ਹੇ ਦੀ ਉਮਰ ਵਿਚ ਕਿਸੇ ਜਾਦੂਗਰੀ ਨਾਲ ਜਵਾਨ ਹੋ ਜਾਂਦਾ ਹੈ ਤੇ ਆਪਣੀ ਅਚਰਜ ਕਿਰਤ 'ਫ਼ੌਸਟ' ਦਾ ਡਰਾਮਾ ਦੁਨੀਆਂ ਨੂੰ ਦੇਂਦਾ ਹੈ ।

ਪਰ ਕੋਈ ਮੂਰਖ ਹੀ ਕਮਾ ਕਮਾ ਕੇ ਇਕੱਠੀਆਂ ਕੀਤੀਆਂ ਮੋਹਰਾਂ ਨਾਲ ਟਾਹਣਾਂ ਖੇਡੇਗਾ, ਜਾਂ ਆਪਣੀਆਂ ਸੁਨਹਿਰੀ ਇੱਟਾ ਕੋਲੋਂ ਪੇਪਰ-ਵੇਟ (ਕਾਗਜ਼ ਨੂੰ ਉਡਣੋ ਬਚਾਣ ਵਾਲਾ ਭਾਰ) ਦਾ ਕੰਮ ਲਵੇਗਾ । ਇਹ ਕੰਮ ਠੀਕਰਾਂ ਜਾਂ ਵੱਟਿਆਂ ਨਾਲ ਵੀ ਨਿਕਲ ਸਕਦੇ ਹਨ। ਉਹ ਆਦਮੀ ਜਿਹੜਾ ਕਿਤਾਬ ਨਾਲ ਦਿਲ ਨਹੀਂ ਪਰਚਾ ਸਕਦਾ, ਮਾਮੂਲੀ ਉਦਾਸੀ ਸੈਰ ਨਾਲ ਦੂਰ ਨਹੀਂ ਕਰ ਸਕਦਾ, ਜਿਸ ਦਾ ਕੰਮ ਵਿਚ ਦਿਲ ਨਹੀਂ ਲਗਦਾ ਤੇ ਘੜੀ ਮੁੜੀ ਇਸ ਸੁਨਹਿਰੀ ਜਜ਼ਬੇ ਨੂੰ ਹਿਲਾਂਦਾ, ਛੇੜਦਾ, ਤੇ ਖ਼ਰਚ ਕਰਦਾ ਹੈ, ਉਹ ਖ਼ਜ਼ਾਨਾ ਲੁਟਾ ਰਿਹਾ ਹੈ। ਬ੍ਰਹਮਚਾਰੀਆਂ ਨੂੰ ਇਹ ਜਜ਼ਬਾ ਮਾਰਨਾ ਪੈਂਦਾ ਹੈ। ਇਸੇ ਲਈ ਬਹੁਤਾ ਕਰ ਕੇ ਉਨ੍ਹਾਂ ਦੇ ਨਕਸ਼ ਕਠੋਰ ਹੋ ਜਾਂਦੇ ਹਨ, ਜ਼ਬਾਨ ਵਿਚ ਰਸ ਨਹੀਂ ਰਹਿੰਦਾ, ਅੰਗਾਂ ਵਿਚ ਮੋਟਾਪਾ ਆ ਜਾਂਦਾ ਹੈ।

ਪਰ ਜਿਸ ਨੂੰ ਇਸ ਦੀ ਕਰਾਮਾਤੀ ਸਿਫ਼ਤ ਦਾ ਗਿਆਨ ਹੋ ਗਿਆ ਹੈ, ਉਹ ਇਸ ਜਜ਼ਬੇ ਨੂੰ ਵਧਾਂਦਾ ਤੇ ਕਾਬੂ ਵਿਚ ਰੱਖ ਕੇ ਪਵਿੱਤਰ ਕਰਦਾ ਹੈ । ਵਧਿਆ, ਨਿਤਾਰਿਆ ਕਾਮ ਜਜ਼ਬਾ ਅੱਖਾਂ ਵਿਚ, ਜ਼ੁਬਾਨ ਵਿਚ, ਰਫ਼ਤਾਰ ਵਿੱਚ ਰਚ ਜਾਂਦਾ ਹੈ । ਨਿਪੁੰਸਕ ਕਦੇ ਸੁਹਣੇ ਨਹੀਂ ਹੁੰਦੇ।

ਉਪਰਲੀ ਕਿਸਮ ਦੇ ਬ੍ਰਹਮਚਰਯ ਕਾਮਯਾਬੀ ਨਾਲ ਰੱਖ ਸਕਣ ਦਾ ਇਕੋ ਢੰਗ ਹੈ। ਉਹ ਇਹ ਕਿ ਸਾਰਾ ਜੀਵਨ ਕਿਸੇ ਦਿਲਚਸਪ ਕੰਮ ਨਾਲ ਭਰਪੂਰ ਰਹੇ, ਆਪਣਾ ਮਨੋਰਥ ਸਦਾ ਸਾਹਮਣੇ ਰਹੇ, ਸੁਹਣੀ ਸ਼ਖ਼ਸੀਅਤ ਦੀ ਲਾਲਸਾ ਹੋਵੇ ਤੇ ਹਰ ਕਿਸੇ ਨਾਲ ਫਰਜ਼ ਪੂਰਾ ਕਰਨ ਦੀ ਜ਼ਬਰਦਸਤ ਉਮੰਗ ਹੋਵੇ। ਖ਼ਾਲੀ ਜੀਵਨ ਵਿਚ ਕਾਮ-ਚੇਸ਼ਟਾ ਆਉਣੋ ਨਹੀਂ ਰਹਿ ਸਕਦੀ। ਖ਼ਾਲੀ ਜੀਵਨ ਹੀ ਸੁਆਦਲੀ ਖ਼ੁਰਾਕ ਮੰਗਦਾ ਹੈ, ਕਿਉਂਕਿ ਉਸ ਨੂੰ ਹੋਰ ਪਾਸਿਓਂ ਪੂਰਾ ਸੁਆਦ ਆਇਆ ਨਹੀਂ ਹੁੰਦਾ ਤੇ ਸੁਆਦਲੀ ਖ਼ੁਰਾਕ ਕਾਮ ਜਜ਼ਬੇ ਨੂੰ ਵਧਾਂਦੀ ਤਾਂ ਬਿਲਕੁਲ ਨਹੀਂ ਪਰ ਉਸ ਵਿਚ ਵਾ ਵਰੋਲੇ ਤੇ ਹੜ ਪੈਦਾ ਜ਼ਰੂਰ ਕਰਦੀ ਹੈ।

ਸੁਆਦੀ ਭੋਜਨਾਂ ਦੇ ਆਸ਼ਕਾਂ ਲਈ ਵੀ ਬ੍ਰਹਮਚਰਯ ਬੜਾ ਔਖਾ ਹੈ। ਜਿਹੜਾ ਸਾਧੂ ਮਚਾਰੀ ਹੋਣ ਦੀ ਸ਼ੁਹਰਤ ਰੱਖਦਾ ਹੈ, ਪਰ ਸੁਆਦੀ ਭੋਜਨਾਂ ਲਈ ਰੁਚੀ ਰੱਖਦਾ ਹੈ, ਬਾਦਾਮ ਖਾਂਦਾ ਤੇ ਸ਼ਰਦਾਈਆਂ ਪੀਂਦਾ ਹੈ, ਕੋਈ ਖ਼ਾਸ ਜਿਸਮਾਨੀ ਸੇਵਾ ਸਰੀਰ ਕੋਲੋਂ ਲੈਂਦਾ ਨਹੀਂ, ਉਸ ਨਾਲ ਨਜ਼ਦੀਕੀ ਸੰਬੰਧ ਖ਼ਤਰੇ ਤੋਂ ਖਾਲੀ ਨਹੀਂ ਸਮਝਣਾ ਚਾਹੀਦਾ।

ਹੋਣਹਾਰ ਬੱਚਿਆਂ ਨੂੰ ਜਵਾਨੀ ਚੜ੍ਹਣ ਤੋਂ ਪਹਿਲਾਂ ਇਸ ਵਿਸ਼ੇ ਸਬੰਧੀ ਹੁਸ਼ਿਆਰ ਕਰ ਦੇਣਾ ਚਾਹੀਦਾ ਹੈ । ਉਹਨਾਂ ਨੂੰ ਦ੍ਰਿੜ੍ਹ ਯਕੀਨ ਕਰਾ ਦੇਣਾ ਚਾਹੀਦਾ ਹੈ ਕਿ ਉਹਨਾਂ ਦੇ ਜੀਵਨ ਦੀ ਕਾਮਯਾਬੀ ਜਾਂ ਨਾਕਾਮਯਾਬੀ ਦਾ ਬੜਾ ਦਾਰੋਮਦਾਰ ਇਸ ਜਜ਼ਬੇ ਦੀ ਅਰੋਗਤਾ ਉਤੇ ਹੈ। ਜਿਨ੍ਹਾਂ ਬੱਚਿਆਂ ਨੂੰ ਜ਼ਿੰਦਗੀ ਦੇ ਮਿੱਠੇ ਤੋਂ ਮਿੱਠੇ ਫਲ ਪ੍ਰਾਪਤ ਕਰਨ ਦੀ ਰੀਝ ਹੈ, ਉਹ ਘੱਟ ਤੋਂ ਘੱਟ ਬਾਈ ਵਰ੍ਹੇ ਦੀ ਉਮਰ ਤਕ ਕਿਸੇ ਲਿੰਗ ਤਜਰਬੇ ਦੀ ਕਾਹਲ ਨਾ ਕਰਨ। ਲਿੰਗ ਸਬੰਧੀ ਬੇ-ਇਤਲਾਹ ਰਹਿਣਾ ਮਕਸਦ ਨਹੀਂ, ਜੋ ਕੁਝ ਜਾਣਿਆਂ ਜਾ ਸਕਦਾ ਹੈ ਜਾਣਿਆਂ ਜਾਏ, ਵੇਖਿਆ ਜਾਏ, ਅਨੁਭਵ ਕੀਤਾ ਜਾਏ, ਮਿਤਰਤਾਈਆਂ ਅਜ਼ਮਾਈਆਂ ਜਾਣ, ਪਿਆਰ ਆਰਾਧਨਾ ਵੀ ਕੀਤੀ ਏ-ਪਰ ਆਪਣੇ ਸੈ-ਕਾਬੂ ਨੂੰ ਅਨਟੁੱਟ ਰੱਖਿਆ ਜਾਏ ।

ਇਸ ਜਜ਼ਬੇ ਬਾਬਤ ਹਰੇਕ ਮਰਦ ਇਸਤ੍ਰੀ, ਯੁਵਕ ਯੁਵਤੀ ਨੂੰ ਜਾਣੂ ਹੋਣਾ ਚਾਹੀਦਾ ਹੈ। ਜਾਣੂ ਹੋਏ ਬਿਨਾਂ ਮਜ਼ਬੂਤੀ ਨਹੀਂ ਆ ਸਕਦੀ। ਇਸ ਦੇ ਮਾਨਸਿਕ ਅਮਲ ਤੋਂ ਵਾਕਫ਼ ਹੋਣਾ ਚਾਹੀਦਾ ਹੈ। ਨਾਵਾਕਿਫ਼ ਲੋਕ ਕਾਮ-ਚੇਸ਼ਟਾ ਦੇ ਬਹੁਤੇ ਗੁਲਾਮ ਹੁੰਦੇ ਹਨ। ਅੱਜ ਕੱਲ੍ਹ ਅਨੇਕਾਂ ਜਵਾਨ ਕੁੜੀਆਂ ਤੇ ਮੁੰਡਿਆਂ ਨੂੰ ਮੈਂ ਜਾਣਦਾ ਹਾਂ, ਜਿਹੜੇ 25 ਵਰ੍ਹੇ ਦੇ ਹੋ ਗਏ ਹਨ, ਉਚੀ ਵਿਦਿਆ ਪਾ ਚੁੱਕੇ ਹਨ, ਤੇ ਬੇਦਾਗ ਪਵਿੱਤ੍ਰਤਾ ਦੇਂ ਮਾਲਕ ਹਨ। ਅਨਜਾਣ ਪੋਂਡੂ ਨੌਜਵਾਨ ਮੁੰਡੇ ਕੁੜੀ ਲਈ ਇਸ ਉਮਰ ਤਕ ਸ੍ਵੈ-ਕਾਬੂ ਰੱਖਣਾ ਮੁਸ਼ਕਿਲ ਹੈ।

ਬ੍ਰਹਮਚਰਯ ਲਈ ਵੀ ਠੀਕ ਗਿਆਨ ਦੀ ਜ਼ਰੂਰਤ ਹੈ। ਅਨਪੜ੍ਹ ਖ਼ਲਕਤ ਲਈ ਕਾਮ ਹਊਆ ਬਣਿਆ ਹੋਇਆ ਹੈ। ਅਨੇਕਾਂ ਘਰਾਂ ਵਿਚ ਇਸੇ ਦਾ ਫਸਾਦ ਹੈ। ਜ਼ੇਲ੍ਹਖਾਨਿਆਂ ਵਿਚ ਇਸ ਦੇ ਕੈਦੀ ਹਨ । ਇਹ ਕਤਲ ਕਰਾਂਦਾ ਹੈ, ਦੁਸ਼ਮਣ ਬਣਾਂਦਾ ਪਰ ਇਹ ਦਿਨੋਂ ਦਿਨ ਬੜਾ ਅਸੀਲ ਹੁੰਦਾ ਜਾ ਰਿਹਾ ਹੈ। ਚੰਗੇ ਭਾਈਚਾਰੇ ਵਿਚ ਇਸ ਦੀ ਬਗਾਵਤ ਬਹੁਤ ਘਟ ਸੁਣੀਂਦੀ ਹੈ ।

ਲੋੜ ਚੰਗੇ ਜ਼ਿੰਮੇਵਾਰ ਰਸਿਕ ਭਾਈਚਾਰੇ ਦੀ ਹੈ, ਜਿਸ ਵਿਚ ਆਤਮਿਕ ਭੁੱਖਾਂ ਲਾਹੁਣ ਦੇ ਵਸੀਲੇ ਪ੍ਰਾਪਤ ਹੋਣ, ਅਨਰੱਜੇ, ਅਨਮੱਲੇ ਦਿਲ ਕਾਮ-ਕਾਂਗਾਂ ਉਤੇ ਰੁੜ੍ਹਦੇ ਦਿਸਦੇ ਹਨ।

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਪੰਥ ਅਤੇ ਜਗਮੋਹਨ ਸਿੰਘ ਓਸਟਰ ਵਾਲੇ

✍- ਡਾ. ਰਤਨ ਸਿੰਘ ਜੱਗੀ

ਸੰਨ 1998 ਵਿਚ ਗੁਰਸ਼ਰਨ ਦੇ ਇਕ ਨਿਕਟੀ ਰਿਸ਼ਤੇਦਾਰ ਓਸਟਰ ਵਾਲੇ ਸ. ਜਗਮੋਹਨ ਸਿੰਘ ਨਾਲ ਨਾਮਧਾਰੀ ਸੰਪ੍ਰਦਾਇ ਬਾਰੇ ਖੁੱਲ੍ਹ ਕੇ ਗੱਲ ਹੋਈ। ਮੇਰੇ ਮਨ ਵਿਚ ਇਸ ਸੰਪ੍ਰਦਾਇ ਦੀਆਂ ਬੁਨਿਆਦੀ ਮਾਨਤਾਵਾਂ ਨੂੰ ਜਾਣਨ ਦੀ ਜਿਗਿਆਸਾ ਪੈਦਾ ਹੋਈ। ਸ. ਜਗਮੋਹਨ ਸਿੰਘ ਹੋਰਾਂ ਨੇ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਾਉਣ ਦਾ ਦੁਆਰ ਖੋਲ੍ਹ ਦਿੱਤਾ। ਮੈਂ ਭੈਣੀ ਸਾਹਿਬ ਕਈ ਵਾਰ ਗਿਆ ਅਤੇ ਰਾਈਆਂ ਪਿੰਡ ਵਿਚ ਵੀ ਜਾ ਕੇ ਤਪੋ-ਸਥਲ ਦੇ ਦਰਸ਼ਨ ਕੀਤੇ। ਹਰ ਗੱਲ ਨੂੰ ਉਦਾਰਤਾ ਪੂਰਵਕ ਸਮਝਿਆ ਅਤੇ ਸੰਪ੍ਰਦਾਇ ਦੇ ਮੂਲ ਆਸ਼ੇ ਨੂੰ ਜਾਣਿਆ। ਗੁਰਬਾਣੀ ਪ੍ਰਤਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਸੀਮ ਆਸਥਾ ਨੂੰ ਵੇਖ ਕੇ ਹੈਰਾਨ ਹੋਇਆ। ਜਦੋਂ ਮੈਂ ਉਨ੍ਹਾਂ ਨੂੰ ਦਸਮ ਗ੍ਰੰਥ ਦਾ ਟੀਕਾ ਭੇਂਟ ਕਰਨ ਗਿਆ ਤਾਂ ਉਨ੍ਹਾਂ ਨੇ ਆਪਣੇ ਲਈ ਹੇਠਾਂ ਆਸਣ ਲਗਵਾਇਆ। ਟੀਕਾ ਗ੍ਰਹਿਣ ਕਰਨ ਵੇਲੇ ਉਨ੍ਹਾਂ ਦੇ ਮੁਖ ਉਤੇ ਬੜੀ ਵਿਸਮਾਦੀ ਪ੍ਰਭਾ ਪਸਰੀ ਹੋਈ ਸੀ ਅਤੇ ਅੱਖਾਂ ਵਿਚੋਂ ਦਸਮ ਗ੍ਰੰਥ ਪ੍ਰਤਿ ਆਦਰ ਦੀ ਭਾਵਨਾ ਪ੍ਰਗਟ ਹੋ ਰਹੀ ਸੀ। ਇਸ ਸਭ ਨੇ ਮੈਨੂੰ ਵਿਸ਼ਵਸਤ ਕਰ ਦਿੱਤਾ ਕਿ ਉਨ੍ਹਾਂ ਦੇ ਮਨ ਵਿਚ ਦਸਮ ਗ੍ਰੰਥ ਪ੍ਰਤਿ ਕਿਤਨਾ ਸਤਿਕਾਰ ਹੈ। ਇਥੋਂ ਤੱਕ ਕਿ ਉਨ੍ਹਾਂ ਨੇ ਟੀਕਾ ਕਰਨ ਦੇ ਉਦਮ ਨੂੰ ਮੁੱਖ ਰੱਖਦਿਆਂ ਮੈਨੂੰ ਸਮਾਦਰਿਤ ਕਰਨ ਲਈ ਸੰਨ 2000 ਦੇ ਹੋਲੇ-ਮਹਲੇ (22.3.2000) ਦੇ ਅਵਸਰ ਤੇ "ਅਸ਼ੀਰਵਾਦ ਪੁਰਸਕਾਰ ਪ੍ਰਦਾਨ ਕੀਤਾ।.

ਗੁਰਮਤਿ ਸਾਧਨਾ ਵਿਚ ਨਾਮ ਸਿਮਰਨ ਦਾ ਮਹੱਤਵ ਰੀੜ੍ਹ ਦੀ ਹੱਡੀ ਵਾਂਗ ਆਧਾਰਭੂਤ ਹੈ। ਨਾਮ-ਸਿਮਰਨ ਤੋਂ ਬਿਨਾਂ ਗੁਰਮਤਿ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਇਸ ਸੰਪ੍ਰਦਾਇ ਦੇ ਅਨੁਯਾਈਆਂ ਨੇ ਇਸ ਧਾਰਣਾ ਨੂੰ ਇਤਨੀ ਦ੍ਰਿੜ੍ਹਤਾ ਅਤੇ ਨਿਸ਼ਠਾ ਨਾਲ ਅਪਣਾਇਆ ਕਿ ਇਨ੍ਹਾਂ ਦੀ ਪਛਾਣ ਇਕ ਸੰਪ੍ਰਦਾਇ ਵਜੋਂ ਬਣ ਗਈ। ਇਸ ਸੰਪ੍ਰਦਾਇ ਦੇ ਅਨੁਯਾਈ ਜਿਥੇ ਕਿਥੇ ਵੀ ਇਕੱਠੇ ਹੋ ਜਾਂਦੇ ਹਨ, ਸਾਰਾ ਵਾਤਾਵਰਣ ਹੀ ਅਧਿਆਤਮੀ ਹੋ ਜਾਂਦਾ ਹੈ। ਬੱਸ, ਆਪਣੀ ਸੰਪ੍ਰਦਾਈ ਮਾਨਤਾ ਅਨੁਸਾਰ ਨਾਮਧਾਰੀ ਸਿੰਘ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੀ ਥਾਂ ਦੇਹਧਾਰੀ ਗੁਰੂ 'ਤੇ ਆਸਥਾ ਪ੍ਰਗਟ ਕਰਦੇ ਹਨ ਅਤੇ ਉਸ ਦੇ ਹੁਕਮ ਨੂੰ ਬ੍ਰਹਮ-ਵਾਕ ਵਜੋਂ ਗ੍ਰਹਿਣ ਕਰਦੇ ਹਨ। ਇਨ੍ਹਾਂ ਦੁਆਰਾ ਤੰਤੀ ਸਾਜ਼ਾਂ ਨਾਲ ਕੀਤਾ ਕੀਰਤਨ ਜਿਗਿਆਸੂਆਂ ਨੂੰ ਨਸ਼ਿਆ ਦਿੰਦਾ ਹੈ। ਹੱਲੇ ਦਾ ਕੀਰਤਨ ਇਸ ਸੰਪ੍ਰਦਾਇ ਦੀ ਇਕ ਹੋਰ ਵਿਸ਼ਿਸ਼ਟਤਾ ਹੈ। ਇਸ ਕੀਰਤਨ ਨੂੰ ਸੁਣਨ ਦੀ ਮੇਰੀ ਰੀਝ ਨੂੰ ਸ. ਜਗਮੋਹਨ ਸਿੰਘ ਦੇ ਛੋਟੇ ਭਾਈ ਸੂਬਾ ਹਰਭਜਨ ਸਿੰਘ ਨੇ ਪੂਰਾ ਕੀਤਾ ਅਤੇ ਸੰਤ ਅਮਰ ਸਿੰਘ ਨਕੌਤਾ ਨੂੰ ਜੀਵਨ ਨਗਰ ਤੋਂ ਬੁਲਵਾ ਕੇ ਲੁਧਿਆਣੇ ਵਿਚ ਉਚੇਚੇ ਤੌਰ 'ਤੇ ਤਿੰਨ ਘੰਟਿਆਂ ਦਾ ਸਮਾਗਮ ਰਚਾਇਆ। ਇਸ ਪ੍ਰਕਾਰ ਦੇ ਕੀਰਤਨ ਦਾ ਮੂਲ ਸਰੋਕਾਰ ਕਿਸੇ ਉਦੇਸ਼-ਸਿੱਧੀ ਲਈ ਸਰੋਤਿਆਂ ਦੇ ਮਨ ਵਿਚ ਉਤਸਾਹ ਅਤੇ ਪ੍ਰੇਰਣਾ ਪੈਦਾ ਕਰਨਾ ਹੈ। ਇਸ ਸੰਪ੍ਰਦਾਇ ਵਿਚ ਜਪ-ਪ੍ਰਯੋਗ ਅਤੇ ਵਰਨੀ-ਜੁਗਤ ਰਾਹੀਂ ਵੀ ਅਨੁਯਾਈਆਂ ਦੇ ਤਪੱਸਿਆ-ਮਾਰਗ ਨੂੰ ਮੋਕਲਾ ਕੀਤਾ ਜਾਂਦਾ ਹੈ।

ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਇਕ ਪ੍ਰਬੁੱਧ ਅਤੇ ਨਿਸ਼ਠਾਵਾਨ ਧਰਮੀ ਸ਼ਖ਼ਸੀਅਤ ਹਨ। ਉਹ ਆਪਣੇ ਅਨੁਯਾਈਆਂ ਦੀ ਅਧਿਆਤਮਿਕ ਉੱਨਤੀ ਦੇ ਨਾਲ-ਨਾਲ ਉਨ੍ਹਾਂ ਦੇ ਰਾਜਨੀਤਿਕ, ਸਮਾਜਿਕ ਅਤੇ ਵਿਦਿਅਕ ਵਿਕਾਸ ਵੱਲ ਵੀ ਪੂਰਾ ਧਿਆਨ ਦਿੰਦੇ ਹਨ। ਖੇਡਾਂ ਦੇ ਮੈਦਾਨ ਵਿਚ ਵੀ ਨਾਮਧਾਰੀਆਂ ਨੇ ਸਿੱਖੀ ਸਰੂਪ ਵਾਲੀ ਪੈੜ ਛੱਡੀ ਹੈ। ਰਾਜਨੀਤਿਕ ਤੌਰ 'ਤੇ ਉਹ ਸ਼ੁਰੂ ਤੋਂ ਹੀ ਕਾਂਗਰਸ ਨਾਲ ਜੁੜੇ ਚੱਲੇ ਆ ਰਹੇ ਹਨ। ਲੋੜਵੰਦ ਸਾਹਿਤਕਾਰਾਂ ਦੀ ਆਪ ਮੱਦਦ ਕਰਨ ਲਈ ਸਦਾ ਤਤਪਰ ਰਹਿੰਦੇ ਹਨ। ਬੀਮਾਰਾਂ ਦੇ ਕਸ਼ਟ ਤੋਂ ਉਹ ਬਹੁਤ ਵੀਭੂਤ ਹੁੰਦੇ ਹਨ। ਉਨ੍ਹਾਂ ਦੇ ਇਲਾਜ ਦੀ ਵਿਵਸਥਾ ਕਰਾਉਂਦੇ ਹਨ। ਇਥੋਂ ਤੱਕ ਕਿ ਆਧੁਨਿਕ ਲੀਹਾਂ ਉਤੇ ਉਨ੍ਹਾਂ ਨੇ 'ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਦੀ ਲੁਧਿਆਣਾ ਨਗਰ ਵਿਚ ਸਥਾਪਨਾ ਕੀਤੀ ਹੈ।

ਸ. ਜਗਮੋਹਨ ਸਿੰਘ ਸੰਤ ਸੁਭਾ ਵਾਲੇ ਬੜੇ ਮਿਹਨਤੀ ਵਿਅਕਤੀ ਹਨ। ਉਨ੍ਹਾਂ ਦੀ ਦਿਵੰਗਤ ਸਾਥਣ ਰਘੁਬੀਰ ਵੀ ਬੜੀ ਸ਼ਾਲੀਨ ਸੀ। ਜਗਮੋਹਨ ਹੋਰਾਂ ਨਾਲ ਉਸ ਨੇ ਬਹੁਤ ਸੋਹਣੀ ਨਿਭਾਈ। ਉਸ ਦੀ ਸ਼ਖ਼ਸੀਅਤ ਪ੍ਰਭਾਵਸ਼ਾਲੀ ਸੀ। ਘਰ-ਬਾਰੀ ਸੁਚੱਜਤਾ ਤੋਂ ਇਲਾਵਾ ਉਹ ਸਾਤਵਿਕ ਕਰਮਾਚਾਰ ਵਾਲੀ ਸੁਘੜ ਨਾਰੀ ਸੀ, ਜਿਸ ਨੇ ਸਾਰੇ ਪਰਿਵਾਰ ਨੂੰ ਉੱਨਤੀ ਦੇ ਮਾਰਗ ਉੱਤੇ ਅੱਗੇ ਤੋਰੀ ਰੱਖਿਆ। ਪਰ ਸੰਨ 2000 ਈ. ਵਿਚ ਉਸ ਦੇ ਵਿਛੋੜੇ ਦੇ ਸੱਲ੍ਹ ਨੇ ਜਗਮੋਹਨ ਨੂੰ ਅੰਤਰਮੁਖੀ ਬਣਾ ਦਿੱਤਾ। ਬੱਸ, ਰਘੁਬੀਰ ਦੀ ਯਾਦ ਹੀ ਉਸ ਦਾ ਸਹਾਰਾ ਰਹਿ ਗਈ। ਭਾਣਾ ਮੰਨਣ ਵਿਚ ਉਸ ਦਾ ਅਡਿੱਗ ਵਿਸ਼ਵਾਸ ਹੈ।

Sri Satguru Jagjit Singh Ji Elibrary NamdhariElibrary@gmail.com

ਬੌਰੀਆਂ ਵਾਲਾ

ਲੇ:- ਸਵ. ਇੰਦਰ ਸਿੰਘ ਚੱਕ੍ਰਵਰਤੀ

ਉਸਦਾ ਰੰਗ ਕਾਲਾ- ਆਬਨੂਸ ਜਿਹਾ ਕਾਲਾ ਸੀ। ਅੱਖੀਆਂ ਲਾਲ-ਲਾਲ, ਮੋਟੀਆਂ ਅਤੇ ਮਸਤੀ ਭਰੀਆਂ ਜਿਹੀਆਂ ਸਨ। ਸਿਰ ਦੇ ਵਾਲ ਉਸ ਕਦੇ ਨਹੀਂ ਸੀ ਵਾਹੇ, ਜਿਸ ਲਈ ਸਿਰ ਤੇ ਬਾਵਰੀਆਂ ਹੋ ਗਈਆਂ ਸਨ, ਓਹ ਚਨਾਰ ਥਲ ਰਿਆਸਤ ਪਟਿਆਲਾ ਦੇ ਇਕ ਪਿੰਡ ਵਿਚ ਮਜ਼ਬੀ ਮਾਂ ਦੇ ਘਰ ਪੈਦਾ ਹੋਇਆ ਸੀ । ਜਦ ਤੋਂ ਓਹ ਸਤਿਗੁਰਾਂ ਦੀ ਸ਼ਰਨ ਵਿਚ ਆਇਆ ਸੀ। ਕਦੇ ਗੱਡੀ ਤੇ ਨਹੀਂ ਸੀ ਚੜ੍ਹਿਆ। ਇਹੋ ਹੀ ਨਹੀਂ ਸੀ ਕਿ ਓਹ ਆਪ ਹੀ ਗੱਡੀ ਨਹੀਂ ਸੀ ਚੜ੍ਹਦਾ, ਸਗੋਂ ਹੋਰਨਾਂ ਚੜ੍ਹਨ ਵਾਲਿਆਂ ਨੂੰ ਵੀ ਚੰਗਾ ਨਹੀਂ ਸੀ ਸਮਝਦਾ। ਗੱਡੀ ਨੂੰ ਵੇਖਕੇ ਉਸਦੀਆ ਅੱਖਾਂ ਦੀ ਮਸਤੀ ਭਰੀ ਲਾਲੀ ਭਿਆਨਕ, ਡਰਾਉਣੀ ਜਿਹੀ ਹੋ ਉੱਠਦੀ ਸੀ। ਸਿਰ ਦੀਆਂ ਬਾਵਰੀਆਂ ਸੇਹ ਦੇ ਤਕਲਿਆਂ ਵਾਂਗ ਸਿਧੀਆਂ ਖਲੋ ਜਾਂਦੀਆਂ ਸਨ, ਸਾਰੇ ਸਰੀਰ ਦੇ ਲੂ ਕੰਡੇ ਹੋ ਜਾਂਦੇ ਅਤੇ ਉਸ ਵੇਲੇ ਉਸਦੇ ਨੇੜੇ ਜਾਨ ਦੀ ਕਿਸੇ ਨੂੰ ਵੀ ਜੁਰਤ ਨਹੀਂ ਸੀ ਪੈਂਦੀ ਫਿਰ ਅਚਾਨਕ ਪਤਾ ਨਹੀਂ ਉਸ ਵਿਚ-

ਤਬਦੀਲੀ ਜਿਹੀ ਕਿਥੋਂ ਆ ਜਾਂਦੀ। ਉਸਦਾ ਗੁੱਸਾ ਵੈਰਾਗ ਵਿਚ ਬਦਲ ਜਾਂਦਾ, ਅੱਖੀਆਂ ਦੇ ਛੱਪਰ ਅੱਥਰੂਆਂ ਨਾਲ ਭਰਕੇ ਵਹਿ ਪੈਂਦੇ। ਓਹ ਪਿਆਰ ਦਾ ਸਾਕਾਰ ਬਣ ਜਾਂਦਾ। ਥੋੜਾ ਚਿਰ ਪਹਿਲਾਂ ਜਿਸ ਵੱਲ ਤੱਕਣ ਨਾਲ ਦਿਲ ਕੰਬ ਉੱਠਦਾ ਸੀ, ਹੁਣ ਉਸਨੂੰ ਜੱਫੀ ਪਾਣ ਤੇ ਜੀ ਕਰ ਔਂਦਾ। ਗਜ਼ਬ ਦੀ ਖਿੱਚ ਸੀ ਕੋਈ ਉਸਦੇ ਦਰਸ਼ਨ ਵਿਚ। ਮਿਕਨਾਤੀਸ ਸੀ ਉਸਦੀਆਂ ਅੱਖੀਆਂ ਵਿੱਚ, ਆਕ੍ਰਸ਼ਨ ਸੀ ਉਸਦੇ ਪਿਆਰ ਵਿਚ। ਮਸਤੀ ਵਿਚ ਆਕੇ ਲੋਰ ਜਿਹੇ ਵਿਚ ਜਦ ਓਹ ਇਹ ਗਾਂਦਾ ਸੀ।

"ਟੁੱਟ ਜਾਏਂ ਰੇਲ ਗੱਡੀਏ, ਰੱਬ ਜਾਣਦਾ ਸਾਡੇ ਮੀਤ ਦਾ ਵਿਛੋੜਾ ਪਾਇਆ ਟੁੱਟ ਜਾਏ ....

ਉਸਦੀ ਅਵਾਜ਼ ਸੀ ਕਿ ਕੋਈ ਜਾਦੂ ਸੀ, ਵੀਣਾ ਨਾਲੋਂ ਰਸੀਲੀ, ਬੰਸਰੀ ਨਾਲੋਂ ਮੋਹਣੀ ਸੁਰ ਵਿਚ ਜਦ ਓਹ ਸਿਧਾ ਸਾਦਾ ਵੀ ਗਾਂਦਾ, ਸੁਣਨ ਵਾਲੇ ਦਿਲ ਫੜਕੇ ਬੈਠ ਜਾਂਦੇ। ਉਸਦੀ ਅਵਾਜ਼ ਵਿਚ ਕੋਈ ਅਨੋਖਾ ਜਿਹਾ ਦਰਦ ਸੀ, ਉਸ ਦਰਦ ਵਿਚ ਲੋਚ ਸੀ, ਉਸ ਲੋਚ ਵਿਚ ਮੀਤ ਵਿਛੋੜੇ ਦੇ ਪਿਆਰ ਦੀਆਂ ਵਿਲਕਣੀਆਂ ਸਨ। ਸੱਚੀਂ ਮੁੱਚੀਂ ਉਸਦੀ ਆਵਾਜ਼ ਕਲੇਜੇ ਵਿਚ ਧੂਹ ਪਾਂਦੀ ਜਾਂਦੀ ਸੀ।

ਓਹ ਮੈਨੂੰ ਬੜਾ ਪਿਆਰ ਕੀਤਾ ਕਰਦਾ, ਮੈਂ ਛੋਟਾ ਜਿਹਾ ਸਾਂ, ਅਜੇ ਮਸਾਂ ਪੰਜ ਗ੍ਰੰਥੀ ਪੜ੍ਹਦਾ ਹੁੰਦਾ ਸਾਂ ਜਦੋਂ ਓਹ ਮੈਨੂੰ ਮਿਲਣ ਲਈ ਭੈਣੀ ਸਾਹਿਬ ਤੋਂ ਚੱਲਕੇ ਮੇਰੇ ਪਿੰਡ ਆਇਆ ਕਰਦਾ ਸੀ। ਮੇਰੀ ਮਾਂ, ਜੋ ਕਿ ਨਾਮਧਾਰਨ ਸੀ ਅਤੇ ਰਹਿਤ ਮਰਯਾਦਾ ਦੀ ਪੱਕੀ ਹਾਮੀ ਸੀ, ਜਿਹੜੀ, ਕੋਈ ਅਛੂਤ ਤੇ ਇਕ ਪਾਸੇ ਰਿਹਾ ਮੈਨੂੰ ਆਮ ਲੋਕਾਂ ਨਾਲ ਲੱਗਣੋਂ ਵੀ ਵਰਜਦੀ ਰਹਿੰਦੀ ਸੀ। ਪਰ ਇਹ ਜਦੋਂ ਸਾਡੇ ਘਰ ਔਂਦਾ, ਮੈਂ ਨੱਸਕੇ ਇਸਨੂੰ ਜੱਫੀ ਜਾ ਪਾਂਦਾ ਸਾਂ ਓਹ ਕਿੰਨਾ-ਕਿੰਨਾ ਚਿਰ ਮੇਰੀ ਕੰਡ 'ਤੇ ਹੱਥ ਫੇਰਦਾ ਰਹਿੰਦਾ ਅਤੇ ਮੂੰਹ ਵਿਚ-ਵਿਚ ਕੁਝ ਬੁੜ-ਬੁੜਾਂਦਾ ਰਹਿੰਦਾ, ਉਸ ਜੱਫੀ ਵਿਚ ਮੈਨੂੰ ਇਕ ਖਾਸ ਤਰ੍ਹਾਂ ਦਾ ਰਸ ਜਿਹਾ, ਸੁਆਦਾ ਜਿਹਾ ਔਂਦਾ ਸੀ, ਜਿਸ ਨੂੰ ਮੈਂ ਨਾ ਓਦੋਂ ਸਮਝ ਸਕਦਾ ਸਾਂ, ਨਾ ਅਜ ਦੱਸ ਸਕਦਾ ਹਾਂ।

ਕਈ-ਕਈ ਵਾਰ ਜਦ ਉਸਨੂੰ ਸਾਡੇ ਪਿੰਡ ਆਇਆਂ 15-20 ਦਿਨ ਲੰਘ ਜਾਂਦੇ ਤਾਂ ਮੇਰਾ ਦਿਲ ਕੁਝ ਹੋਰਸ ਤਰਾਂ ਦਾ ਹੋ ਉੱਠਦਾ।

ਫਿਰ ਹੈਰਾਨੀ ਇਹ ਕਿ ਮਾਂ ਨੇ ਮੈਨੂੰ ਉਸਦੇ ਨਾਲ ਲੱਗਣੋਂ ਕਦੇ ਨਹੀਂ ਸੀ ਵਰਜਿਆ। ਮਗਰੋਂ ਭਾਵੇ ਇਸ਼ਨਾਨ ਕਰਕੇ ਕਪੜੇ ਬਦਲ ਦਿੰਦੀ। ਪਰ ਓਦੋਂ ਕੁਝ ਨਹੀਂ ਸੀ ਆਂਹਦੀ। ਹਾਂ, ਜਿੰਨ੍ਹਾਂ ਭਾਂਡਿਆਂ ਵਿਚ ਓਹ ਪ੍ਰਸਾਦ ਛਕਦਾ, ਓਨ੍ਹਾਂ ਨੂੰ ਕਈ ਕਈ ਵਾਰ ਮਾਂਜਦੀ, ਅੱਗ ਵਿਚ ਪਾਂਦੀ, ਫਿਰ ਕਿਤੇ ਜਾਕੇ ਆਪਣੇ ਲੰਗਰ ਵਿਚ ਰੱਖਦੀ। ਮੈਂ ਜਦ ਪੁੱਛਦਾ- ਮਾਂ! ਕੀ ਕਰਨੀ ਏਂ, ਇਹ ਭਾਂਡੇ ਏਨੀ ਵਾਰ ਕਿਉਂ ਮਾਂਜਦੀ ਏ ?

ਤਾਂ ਓਹ ਆਖਦੀ- "ਇਹ ਉਸੇ ਪ੍ਰੀਤਮ ਦੀ ਮਰਯਾਦਾ ਏ, ਜਿਸ ਪਿਛੇ ਇਹ ਪਾਗਲ ਹੋਇਆ ਫਿਰਦਾ

Sri Satguru Jagjit Singh Ji Elibrary NamdhariElibrary@gmail.com

ਏ। ਜਿਸ ਇਸ ਨੂੰ ਇਹੋ ਜਿਹਾ ਬਣਾਯਾ ਏ।"

ਓਹ ਸਾਰੀ- 2 ਰਾਤ ਕੋਠੇ ਤੇ ਚੜ੍ਹਕੇ ਆਪਣੀ ਲੈਅ ਵਿਚ ਉੱਚੀ ਆਵਾਜ ਨਾਲ ਗਾਂਦਾ ਰਹਿੰਦਾ, ਉਸਦੇ ਉਸ ਗਾਣ ਵਿਚ ਦਰਦ ਅਤੇ ਸੋਜ਼ ਦੇ ਵਲਵਲਿਆਂ ਦੀਆਂ ਲਾਟਾਂ ਨਿਕਲਦੀਆਂ ਸਨ ਪਈਆਂ। ਜਿਨ੍ਹਾਂ ਨੂੰ ਸੁਣਕੇ ਅਸੀਂ ਕੂਕੇ ਹੀ ਨਹੀਂ, ਸਗੋਂ ਸਾਡਾ ਸਾਰਾ ਪਿੰਡ ਵੈਰਾਗੀ ਜਿਹਾ ਹੋ ਜਾਂਦਾ ਸੀ ਉਸਦੇ ਦਰਦ ਫ਼ਿਰਾਕ ਦੀ ਇਹ ਸੱਦ- "ਤੂੰ ਮੈਨੂੰ ਭੁੱਲਦਾ ਨਹੀਂ, ਸੁਣ ਮੀਤ ਵੇ। ਤੈਂ ਕੀ ਸਿਰ ਪਾਲਿਆ ਮੇਰੇ, ਤੂੰ ਮੈਨੂੰ ਭਲਦਾ ਨਹੀਂ ....। ਪੱਥਰਾਂ ਨੂੰ ਰੁਆ ਦਿੰਦੀ। ਮੇਰੀ ਬੁੱਢੀ ਮਾਂ ਦੀਆ ਅੱਖਾਂ ਵਿਚ ਪਾਣੀ ਆ ਜਾਂਦਾ। ਉਸ ਵੇਲੇ ਮੈਨੂੰ ਇਉਂ ਜਾਪਦਾ ਸੀ ਕਿ ਸਾਰੀ ਪ੍ਰਕ੍ਰਿਤੀ ਰੋ ਰਹੀ ਏ। ਚੰਨ ਰੋ ਰਿਹਾ ਏ, ਤਾਰੇ ਰੋ ਰਹੇ ਨੇ; ਕਈ ਵਾਰ ਤੇ ਉਸਦੇ ਬੋਲਣ ਨਾਲ ਮੋਰ ਵੀ ਉਆਂ ਉਆਂ ਕਰ ਉੱਠਦੇ। ਕੋਇਲ ਵੀ ਓਨਾਂ ਚਿਰ ਕੁਹੂ-ਕੁਹੂ ਕਰਦੀ ਰਹਿੰਦੀ, ਜਿਨਾਂ ਚਿਰ ਓਹ ਚੁੱਪ ਨ ਹੋ ਜਾਂਦਾ।

ਉਸਦਾ ਵਿਛੋੜਾ ਮੈਨੂੰ ਇਕੱਲੇ ਨੂੰ ਹੀ ਨਹੀਂ ਸੀ ਖਟਕਦਾ। ਜਦ ਉਸਨੂੰ ਸਾਡੇ ਪਿੰਡ ਆਇਆਂ ਕੁਝ ਦਿਨ ਲੰਘ ਜਾਂਦੇ ਤਾਂ ਮੈਂਨੂੰ ਪਿੰਡ ਦੇ ਕਈ ਲੋਕੀਂ ਪੁੱਛਦੇ- ਓਹ ਹੁਣ ਆਯਾ ਕਿਉਂ ਨਹੀਂ ? ਕਿੰਨਾਂ ਚਿਰ ਹੋ ਗਿਆ ਏ ?

ਮੈਂ ਉਹਨਾਂ ਨੂੰ ਕੀ ਜਵਾਬ ਦਿੰਦਾ। ਜਦ ਕਿ ਏਹੀ ਗੱਲਾਂ ਮੇਰਾ ਆਪਣਾ ਦਿਲ ਮੇਰੇ ਆਪਣੇ ਕੋਲੋਂ ਪੁੱਛਦਾ ਸੀ ਪਿਆ।

"ਮੇਰੇ ਵਿਦਯਾ ਗੁਰੂ ਸੰਤ ਹਰਨਾਮ ਸਿੰਘ ਜੀ ਨਾਥਾਣੀਏਂ, ਜਿਨ੍ਹਾਂ ਨੇ ਸਤਿਗੁਰਾਂ ਤੋਂ ਭਜਨ ਪੁੱਛਿਆ ਅਤੇ ਸਮੁੰਦ ਸਾਗਰ ਲੰਘਕੇ ਰੰਗੂਨ ਜਾਕੇ ਦਰਸ਼ਨ ਕਰਕੇ ਆਏ। ਜਿਨ੍ਹਾਂ ਦੇ ਦਿਲ ਵਿਚ ਸੇਵਾ ਦਾ ਏਨਾ ਚਾਅ ਸੀ ਕਿ ਮਾਈ ਨੰਦੀ, ਜਿਹੜੀ ਕਿ ਕੋਹੜ ਦੀ ਬੀਮਾਰੀ ਨਾਲ ਦੁਖੀ ਸੀ, ਬਿਨਾਂ ਕਿਸੇ ਗਿਲਾਨੀ ਕੀਤਿਆਂ ਉਸਦੇ ਕੱਪੜੇ ਧੋਇਆ ਕਰਦੇ ਸਨ।" ਜਦ ਕਦੀ ਭੈਣੀ ਸਾਹਿਬ ਜਾਂਦੇ ਤਾਂ ਮੈਂ ਉਹਨਾਂ ਨੂੰ ਕਿਹਾ ਕਰਦਾ ਸਾਂ ਕਿ "ਜੇ ਕਿਤੇ ਤੁਹਾਨੂੰ ਓਹ ਮਿਲੇ ਤਾਂ ਕਹਿਣਾ ਹੁਣ ਤੇ ਚੋਖੇ ਦਿਨ ਹੋ ਗਏ ਹਨ, ਆਇਆ ਕਿਉਂ ਨਹੀਂ ?

ਕਈ ਵਾਰ ਸੰਤ ਉਸਨੂੰ ਆਪਣੇ ਨਾਲ ਲੈ ਆਉਂਦੇ, ਉਸਦੀ ਜਿੰਨੀ ਖੁਸ਼ੀ ਮੈਨੂੰ ਹੁੰਦੀ, ਉਸ ਤੋਂ ਬਾਹਲੀ ਸਾਡੀ ਇਕ ਨੌ ਜਵਾਨ ਪੜੋਸਨ ਪਾਰਬਤੀ ਬਾਹਮਣੀ ਨੂੰ ਹੁੰਦੀ ਸੀ।

ਓਹ ਜੁਆਨ ਸੀ, ਖੂਬ ਸੂਰਤ ਸੀ, ਉੱਚ-ਕੁਲ ਦੀ ਸੀ, ਅੱਲ੍ਹੜ ਸੀ। ਪਰ ਹੈ ਸੀ, ਆਪਣੀ ਜ਼ਿੰਦਗੀ ਵਿਚ ਅਜ਼ਾਦ। ਜੋ ਜੀ ਚਾਹੇ ਕਰਦੀ ਸੀ, ਕੋਈ ਉਸਨੂੰ ਵਰਜਨ ਵਾਲਾ ਨਹੀਂ ਸੀ। ਓਹ ਆਪਣੇ ਮਨ ਦੀ ਮਾਲਕ ਆਪ ਸੀ।

ਅੱਜ ਓਹ ਫਿਰ ਆਇਆ ਸੀ, ਸਾਡੇ ਕੋਠੇ ਤੇ ਬੈਠਕੇ ਜਦ ਉਸ ਗਾਵਿਆ- "ਇਹ ਤੇਰਾ ਚੰਨ ਮੁਖੜਾ, ਇਹ ਤੇਰਾ ਚੰਨ ਮੁਖੜਾ, ਸੁਣ ਮੀਤ ਵੇ, ਏਥੇ ਨਾਮ ਜਪਣ ਨੂੰ ਆਇਆ ਇਹ ਤੇਰਾ ਚੰਨ...।"

ਓਹ ਨੱਸੀ-ਨੱਸੀ ਮੇਰੇ ਕੋਲ ਆਈ, ਆਖਣ ਲੱਗੀ- "ਇਹ ਆ ਗਿਆ ਏ ? ਮੈਂ ਹੁਣੇ ਯਾਦ ਕਰਦੀ ਸਾਂ ਪਈ, ਕਿੰਨੇ ਦਿਨ ਹੋਏ ਸਨ ਇਸਨੂੰ ਡਿੱਠਿਆਂ, ਇਸਨੂੰ ਆਖੋ ਸੂ- ਅਜ ਦੀ ਰਾਤ ਮੇਰੇ ਕੋਠੇ 'ਤੇ ਚਲਕੇ ਗਵੇਂ। ਇਹ ਗਾਏ, ਮੈਂ ਸੁਣਾਂਗੀ, ਜੋ ਆਖੇ-ਮੈਂ ਕਰਾਂਗੀ।

ਪਰ, ਓਹ ਆਪਣੀ ਧੁਨ ਵਿਚ ਮਸਤ ਸੀ, ਉਸਨੂੰ ਤੇ ਇਹ ਵੀ ਪਤਾ ਨਹੀਂ ਸੀ ਕਿ ਅਸੀਂ ਦੋ ਜਣੇ ਉਸਦੇ ਕੋਲ ਬੈਠੇ ਹੋਰ ਵੀ ਗੱਲਾਂ ਕਰ ਰਹੇ ਹਾਂ। ਓਹ ਗਾਂਦਾ ਸੀ ਅਤੇ ਆਪਣੀ ਧੁਨ ਵਿਚ ਮਸਤ ਸੀ ਅਤੇ ਵਾਰ-ਵਾਰ ਇਹ ਗਾਈ ਜਾਂਦਾ ਸੀ।

"ਜਿੰਦੜੀ ਨੂੰ ਰੋਗ ਲਾ ਲਿਆ, ਕੀ ਲੱਭਾ ਈ ਇਸ਼ਕ ਗਲ ਪਾਕੇ............।

ਜਦ ਮੈਂ ਉਸਨੂੰ ਕਿਹਾ ਕਿ-"ਚੱਲ ! ਅਜ ਇਸਦੇ ਕੋਠੇ ਤੇ ਚਲਕੇ ਆਪਣੇ ਗੀਤ ਗਾ।

ਇਹ ਸੁਣਕੇ ਉਸਦੀਆਂ ਪਿਆਰ ਭਰੀਆਂ ਅੱਖੀਆਂ ਵਿਚ ਏਨਾਂ ਰੋਹ ਚੜ੍ਹਿਆ, ਜਿਨ੍ਹਾਂ ਵੱਲ ਮੈਂ ਤੱਕ ਨਹੀਂ ਸਾਂ ਸਕਦਾ। ਉਸ ਇਕ ਲੰਮਾ, ਹਉਕਾ ਲਿਆ ਅਤੇ ਨਾਲ ਹੀ ਇਕ ਦਰਦ ਭਰੀ ਅਵਾਜ਼ ਉਸਦੇ ਅੰਦਰੋਂ ਨਿਕਲੀ-

"ਇਸ਼ਕੇ ਦਾ ਰੋਗ ਬੁਰਾ, ਸੁਣ ਮੀਤ ਵੇ, ਕਿਸੇ ਲੱਗ ਦੁਸ਼ਮਣ ਨੂੰ ਨ ਜਾਵੇ, ਇਸ਼ਕੇ ਦਾ.........

ਮੈਂ ਫਿਰ ਕਿਹਾ- ਮੇਰੀ ਗੱਲ ਦਾ ਤੁਸੀਂ ਜਵਾਬ ਕਿਉਂ ਨਹੀਂ ਦਿਤਾ ?

ਇਹ ਸੁਣਕੇ ਓਹ ਹੱਸ ਪਏ, ਇਨ੍ਹਾਂ ਹੱਸੇ, ਇਨਾਂ ਹੱਸੇ !! ਮੈਂ ਸਹਿਮ ਗਿਆ। ਮੈਨੂੰ ਡਰ ਔਣ ਲੱਗ ਪਿਆ।

ਓਹਨਾਂ ਦੇ ਬੁਲ੍ਹ ਫਿਰ ਖੁਲ੍ਹੇ ਅਤੇ ਓਹਨਾਂ ਫਿਰ ਆਪਣੀ ਉਸੇ ਲਯ ਵਿਚ ਗਾਵਿਆ- "ਲੋਕੀਂ ਸਾਨੂੰ ਕੀ ਆਖਦੇ, ਜਿੰਦ ਯਾਰਦੇ ਹਵਾਲੇ ਕੀਤੀ, ਲੋਕੀ ਸਾਨੂੰ...........

ਗੁਝੀ ਰਮਜ਼ ਫਕੀਰਾ ਵਾਲੀ, ਵਿਰਲਾ ਕੋਈ ਜਾਣਦਾ, ਗੁਝੀ ਰਮਜ਼ ....।

ਇਸ ਗੀਤ ਦੇ ਖਤਮ ਹੁੰਦਿਆਂ ਹੀ ਓਹ ਉਸੇ ਵੇਲੇ ਪਉੜੀ ਉਤਰ ਕੇ ਵਗੋ ਤਗੀ ਨਹਿਰ ਵੱਲ ਨੂੰ ਨੱਸ ਗਏ।

Sri Satguru Jagjit Singh Ji Elibrary NamdhariElibrary@gmail.com

ਹੁਣ ਬੜੀ ਦੂਰੋ ਰਾਤ ਦੇ ਹਨੇਰੇ ਨੂੰ ਚੀਰ ਦੀ, ਹੋਈ ਇਕ ਦਰਦ ਭਰੀ ਝੀਣੀ, ਜਿਹੀ ਅਵਾਜ਼ ਆ ਰਹੀ ਸੀ ਕਿ- "ਤੂੰ ਮੈਨੂੰ ਭੁਲਦਾ ਨਹੀਂ, ਸੁਣ ਮੀਤ ਵੇ ਤੈਂ ਕੀ ਸਿਰ ਪਾਲਿਆ ਮੇਰੇ ਤੂੰ ਮੈਨੂੰ ਭੁਲਦਾ..........।

ਪਤਾ ਨਹੀਂ, ਮੇਰੀਆਂ ਅੱਖਾਂ ਵਿਚ ਅੱਥਰੂ ਕਿਉਂ ਆ ਗਏ, ਜਦ ਮੈਂ ਡਿਠਾ ਮੇਰੇ ਕੋਲ ਬੈਠੀ ਮੇਰੀ ਪੜੋਸਨ ਪਾਰਬਤੀ ਪੰਡਿਤਾਣੀ ਵੀ ਰੋ ਰਹੀ ਸੀ।

ਇਸ ਤੋਂ ਪਿਛੋਂ ਓਹ ਪਿੰਡ ਨਹੀਂ ਸਨ ਔਂਦੇ, ਪਰ, ਜਦ ਕਦੀ ਗੁਰੂਸਰ ਆਉਂਦੇ ਮੈਨੂੰ ਸੱਦਕੇ ਮਿਲੇ ਬਿਨਾਂ ਨਾ ਜਾਂਦੇ। ਪਾਰਬਤੀ ਕਈ ਵਾਰ ਮੈਨੂੰ ਪੁੱਛਦੀ ਕਿ ਓਹ ਹੁਣ ਕਿਉਂ ਨਹੀਂ ਆਉਂਦੇ ? ਇਸਦਾ ਜਵਾਬ ਮੈਨੂੰ ਕੁਝ ਵੀ ਨਾ ਅਹੁੜਦਾ, ਮੈਂ ਚੁੱਪ ਹੋ ਜਾਂਦਾ।

ਮੈਂ ਹੈਰਾਨ ਸਾਂ, ਕਿ ਜਿਸਦੀ ਇਕ ਨਜ਼ਰ ਲਈ ਸਾਡੇ ਪਿੰਡ ਦੇ ਗੱਭਰੂ ਤਰਸਦੇ ਰਹਿੰਦੇ ਸਨ, ਜਿਸਦੇ ਦਰ ਤੇ ਕਈ ਵਾਰ ਫੇਰੇ ਪਾਂਦੇ ਨਹੀਂ ਸਨ ਥਕਦੇ, ਜਿਸ ਨਾਲ ਇਕ ਵਾਰ ਹੱਸ ਕੇ ਬੋਲਣ ਨੂੰ ਕਈ ਚੰਗੇ-ਚੰਗੇ ਆਪਣੇ ਧੰਨਭਾਗ ਸਮਝਦੇ ਸਨ। ਓਹ ਉਸਨੂੰ ਆਪਣੇ ਘਰ ਲਿਜਾਣ ਲਈ ਤਰਲੇ ਪਾਂਦੀ ਸੀ, ਅਰਜ਼ੋਈਆਂ ਕਰਦੀ ਸੀ, ਮੰਨਤਾਂ ਮੰਨਦੀ ਸੀ। ਪਰ, ਪਤਾ ਨਹੀਂ ਓਹ ਕਿਸ ਮਿੱਟੀ ਦਾ ਬਣਿਆ ਹੋਯਾ ਸੀ, ਓਹ ਉਸ ਵਲ ਅੱਖ ਭਰਕੇ ਤੱਕਦਾ ਹੀ ਨਹੀਂ ਸੀ, ਅਜ਼ੀਬ ਬੰਦਾ ਸੀ ਓਹ।

ਹੁਣ ਜਦ ਉਸ ਪਿੰਡ ਆਉਂਣਾ ਛੱਡ ਦਿੱਤਾ ਤਾਂ ਪਾਰਬਤੀ ਤੇ ਮੈਨੂੰ ਬੜਾ ਗੁੱਸਾ ਆਉਂਦਾ ਕਿ ਪਤਾ ਨਹੀਂ ਇਸ ਉਸਨੂੰ ਕੀ ਕਹਿ ਦਿੱਤਾ ਏ ? ਜਿਸ ਲਈ ਓਹ ਪਿੰਡ ਨਹੀਂ ਸੀ ਵੜਦਾ। ਪਰ ਵੱਖਰਿਆਂ ਤੇ ਇਸ ਕੁਝ ਨਹੀਂ ਸੀ ਕਿਹਾ। ਜੋ ਕੁਝ ਕਿਹਾ ਸੀ, ਓਹ ਮੇਰੇ ਕੋਲੋਂ ਹੀ ਤੇ ਕਹਾਇਆ ਸੀ। ਉਸ ਗੱਲ ਦਾ ਏਨਾਂ ਗੁੱਸਾ। ਮੇਰੀ ਸਮਝ ਵਿਚ ਕੁਝ ਵੀ ਨਹੀਂ ਸੀ ਆਉਂਦਾ।

ਹੁਣ ਓਹ ਊਠਾਂ ਵਿਚ ਰਿਹਾ ਕਰਦਾ ਸੀ, ਗੁਰੂ ਕੇ ਊਠਾਂ ਦੀ ਸੇਵਾ ਬੜੇ ਪਿਆਰ ਨਾਲ ਕਰਦਾ। ਹਰ ਦੀਵਾਲੀ ਨੂੰ ਅੰਮ੍ਰਿਤਸਰ ਤੇ ਨਨਕਾਣੇ ਸਾਹਿਬ ਤੁਰ ਕੇ ਦੌਰੇ ਨਾਲ ਜਾਂਦਾ।

ਦੌਰੇ ਨਾਲ ਗਿਆ ਓਹ ਖਾਨਪੁਰ, ਜ਼ਿਲਾ ਲਾਇਲ ਪੁਰ ਦੇ ਇਕ ਪਿੰਡ, ਵਿਚ ਸ੍ਰ. ਈਸ਼ਰ ਸਿੰਘ ਜੀ ਦੇ ਘਰ ਅਚਾਨਕ ਬੀਮਾਰ ਹੋ ਗਿਆ। ਚਲਾ ਗਿਆ , ਜਿੱਥੋਂ ਮੁੜਕੇ ਕੋਈ ਨਹੀਂ ਆਇਆ।

ਇਸ ਗੱਲ ਦਾ ਜਦ ਮੈਨੂੰ ਪਤਾ ਲੱਗਾ ਮੇਰੀਆਂ ਅੱਖਾਂ ਵਿੱਚ ਅੱਥਰੂ ਆ ਗਏ। ਮੈਂ ਆਪਣੀ ਗੁਆਂਢਨ ਕੋਲ ਗਿਆ। ਮੈਂ ਕਿਹਾ-

ਪਾਰਬਤੀ ਪਤਾ ਲੱਗਾ ਏ, ਕਿ ਓਹ ਜ਼ਿਲਾ ਲਾਇਲਪੁਰ ਵਿੱਚ ਗਿਆ ਹੋਇਆ ਸੀ ਅਤੇ ਓਥੇ ਹੀ ਕਿਸੇ ਬੀਮਾਰੀ ਨਾਲ ਅਚਾਨਕ ਮਰ ਗਿਆ। ਇਹ ਸੁਣਕੇ ਪਾਰਬਤੀ ਦੇ ਮੂੰਹੋਂ ਹੋਰ ਕੁਝ ਨਾ ਨਿਕਲਿਆ ਓਹ ਉਨਾਂ ਦੇ ਕਈ ਵਾਰ ਗਾਏ ਹੋਏ ਉਸੇ ਗੀਤ ਨੂੰ ਜਿਹਨੂੰ ਓਹ ਕਈ ਵਾਰ ਸੁਣ ਚੁੱਕੀ ਸੀ, ਉਸੇ ਲੈਅ ਵਿੱਚ ਅੱਥਰੂ ਵਹਾਂਦੀ ਹੋਈ ਗਾਣ ਲੱਗ ਪਈ-

" ਤੂੰ ਮੈਨੂੰ ਭੁੱਲਦਾ ਨਹੀਂ, ਸੁਣ ਮੀਤ ਵੇ ਤੈਂ ਕੀ ਸਿਰ ਪਾ ਲਿਆ ਮੇਰੇ, ਤੂੰ ਮੈਨੂੰ ਭੁੱਲਦਾ......। ਉਸ ਦਾ ਨਾਮ ਟਹਿਲ ਸਿੰਘ ਸੀ।

. . . .

Matrimonial Adver.

ਲੜਕਾ- 29 ਸਾਲ, ਕੱਦ- 5'7"
ਯੋਗਤਾ- +2
ਕਿੱਤਾ-Own Beasness ਹੌਜ਼ਰੀ
ਸੰਪਰਕ- 8968609572, 9815908493

ਲੜਕਾ- 28 ਸਾਲ, ਕੱਦ- 5'7"
ਕਿੱਤਾ- Own Business (Wooden Works & Arch. & Interior Designer)
Education- Arehitect & interior Designer
ਸੰਪਰਕ- 9814081745

ਲੜਕਾ- 26 ਸਾਲ, ਕੱਦ- 5-6
ਯੋਗਿਤਾ- B-Tech
ਕਿੱਤਾ- Karyana Store (Own Business)
ਸੰਪਰਕ- 9463730505

A SAGA OF
SRI SATGURU JAGJIT SINGH JI

-Dr. Sharada Jayagovind

Satguru Partap Singh ji and social reforms

Satguru Partap Singh ji's contribution on the social front is remarkable. He realized that Sikhs and Hindus wasted a lot of money in observing religious rituals, festivals and ceremonies. An ordinary peasant incurs heavy expenditure while conducting the wedding of his children. To prevent this, the Sikh Anand Marriage Act was passed on 20" October, 1909 and Satguru ji played a major role in it.

Satguru Partap Singh ji married Bibi Bhupinder Kaur on 27" December, 1914 and the wedding was solemnized according to Gursikhi Anand Karaz Maryada. This marriage system was founded by Satguru Ram Singh ji in 1863. The wedding is performed with the couple walking around the holy fire four times while four Lavan are recited from Anand Sahib, the holy scripture. No other Vedic rituals are observed.

The Satguru passed an order that all Namdharis should henceforth perform the marriage in the gurdwara in front of the sangat. They were prohibited from giving or accepting dowry and they were to take food at the langar. This Anand marriage system saved a number of peasants from debt and financial burden.

Satguru Partap Singh ji was aware of the need for the spiritual and cultural education of Namdhari children and women. Under his patronage, his younger brother, Maharaj Gurdial Singh ji, started a weekly magazine in Punjabi titled Satjug on 21" May, 1920. This weekly magazine carried articles on Namdhari history, culture and promoted Punjabi language and literature. Satjugis set to celebrate its centenary soon.

The Namdhari Vidyalyas were started in Sri Bhaini Sahib and Sri Jiwan Nagar to provide holistic education to children. On the request of Satguru Partap Singh ji's wife, Mata Bhupinder Kaur, Namdhari women were allowed to participate in the jap paryog. Satguru ji encouraged widow remarriages and banned the killing of the girl child. In the economic sphere, Satguru

Sri Satguru Jagjit Singh Ji Elibrary NamdhariElibrary@gmail.com

Partap Singh ji promoted self-employment and cooperative farming. If any dispute arose among the Namdharis, he advised them to approach the Namdhari panchayats and Subas and to avoid the British courts to save money, time and dignity.

Satguru Partap Singh ji trained his son, Baba ji, in the cauldron called life. While Baba ji's childhood was spent among saints and sages, his teens were spent in the company of his father, scholars and musicians at Sri Bhaini Sahib. He was fascinated by his father's charismatic personality and imbibed the qualities of leadership from him. Babaji was aware of his father's stature not only as the leader of Namdharis but also as a national leader.

Satguru Partap Singh ji was a powerful spiritual Master who, at times of political and cultural turmoil, was able to create a mass movement in Punjab and forged Namdharis into a proud, patriotic, economically and spiritually empowered community. Baba ji observed how his father dealt with the British and the Congress without compromising on the principles of nonviolence and peace.

Satguru Partap Singh ji had carved a place for himself in the history of the Indian freedom struggle and when British India disintegrated, Satguru Partap Singh ji succeeded in building his empire of disciplined and devout Namdharis. When the revolutionary leader, Bhagat Singh, was executed, Satguru Partap Singh ji boldly spoke against the British and sent Sant Mangal Singh to console the family. These fearless acts of the father influenced and impressed Baba ji to whom his father was the role model to emulate. The father too was moved by the son's love and devotion and once told him:

"You are my son as well as a friend."

It was the highest tribute a disciple could receive from a Satguru. What Bhai Lehna was to Guru Nanak, Baba ji was to Satguru Partap Singh ji. Baba ji spent the first thirty-nine years os his life as the most obedient and ideal disciple of his father, Satguru Partap Singh ji.

Satguru Partap Singh ji was like a volcano invoking awe and reverence while Baba ji like the snow clad mountain, cool and calm. The aura enveloping Satguru Partap Singh ji overwhelmed people so much that they maintained a respectful distance from him. On the other hand, Baba ji was like a magnet attracting all; even birds and animals could not resist his charm. Yet, the truth is both the father and the son were like two sides of the same coin- bonded by the same values and vision- seekers of Truth for whom seva was the goal of life.

to be continue.......

ਵਾਰਸ਼ਿਕ ਵਿਦਿਅਕ ਸੰਮੇਲਨ ਦੀਆਂ ਝਲਕੀਆਂ 27 ਤੋਂ 30 ਜੂਨ 2019 ਸ੍ਰੀ ਭੈਣੀ ਸਾਹਿਬ

ਵਾਰਸ਼ਿਕ ਵਿਦਿਅਕ ਸੰਮੇਲਨ ਦੀਆਂ ਝਲਕੀਆਂ 27 ਤੋਂ 30 ਜੂਨ 2019 ਸ੍ਰੀ ਭੈਣੀ ਸਾਹਿਬ

Sri Satguru Jagjit Singh Ji Elibrary NamdhariElibrary@gmail.com

ਵਾਰਸ਼ਿਕ ਵਿਦਿਅਕ ਸੰਮੇਲਨ ਦੀਆਂ ਝਲਕੀਆਂ 27 ਤੋਂ 30 ਜੂਨ 2019 ਸ੍ਰੀ ਭੈਣੀ ਸਾਹਿਬ

ਵਾਰਸ਼ਿਕ ਵਿਦਿਅਕ ਸੰਮੇਲਨ ਦੀਆਂ ਝਲਕੀਆਂ 27 ਤੋਂ 30 ਜੂਨ 2019 ਸ੍ਰੀ ਭੈਣੀ ਸਾਹਿਬ

ਕਾਵਿ-ਕਿਆਰੀ

ਨਯਾ ਹੁਕਮਨਾਮਾ

-ਜਾਵੇਦ ਅਖ਼ਤਰ

ਕਿਸੀ ਕਾ ਹੁਕਮ ਹੈ ਸਾਰੀ ਹਵਾਏਂ
ਹਮੇਸ਼ਾ ਚਲਨੇ ਸੇ ਪਹਿਲੇ ਬਤਾਏਂ
ਕਿ ਇਨਕੀ ਸੰਮਤ[1] ਕਯਾ ਹੈ।

ਹਵਾਓਂ ਕੋ ਬਤਾਨਾ ਯੇ ਭੀ ਹੋਗਾ,
ਚਲੇਂਗੀ ਜਬ ਤੋ ਕਯਾ ਰਫ਼ਤਾਰ ਹੋਗੀ,
ਕਿ ਆਂਧੀ ਕੀ ਇਜਾਜ਼ਤ ਅਬ ਨਹੀਂ ਹੈ।

ਹਮਾਰੀ ਰੇਤ ਕੀ ਸਬ ਯੇ ਫਸੀਲੇਂ,
ਯੇ ਕਾਗਜ਼ ਕੇ ਮਹਿਲ ਜੋ ਬਨ ਰਹੇ ਹੈਂ,
ਹਿਫਾਜ਼ਤ ਇਨਕੀ ਕਰਨਾ ਹੈ ਜ਼ਰੂਰੀ।

ਔਰ ਆਂਧੀ ਹੈ ਪੁਰਾਨੀ ਇਨਕੀ ਦੁਸ਼ਮਨ,
ਯੇ ਸਭੀ ਜਾਨਤੇ ਹੈਂ।

ਕਿਸੀ ਕਾ ਹੁਕਮ ਹੈ ਦਰਿਆ ਕੀ ਲਹਿਰੇਂ,
ਜ਼ਰਾ ਯੇ ਸਰਕਸ਼ੀ[2] ਕਮ ਕਰ ਲੇਂ ਅਪਨੀ,
ਹਦ ਮੇਂ ਠਹਿਰੇਂ।

ਉਭਰਨਾ, ਫਿਰ ਬਿਖਰਨਾ,
ਔਰ ਬਿਖਰ ਕਰ ਫਿਰ ਉਭਰਨਾ,
ਗ਼ਲਤ ਹੈ ਉਨਕਾ ਯੇ ਹੰਗਾਮਾ ਕਰਨਾ।

ਯੇ ਸਬ ਹੈ ਸਿਰਫ਼ ਵਹਿਸ਼ਤ ਕੀ ਅਲਾਮਤ,
ਬਗ਼ਾਵਤ ਕੀ ਅਲਾਮਤ।

ਬਗ਼ਾਵਤ ਤੋ ਨਹੀਂ ਬਰਦਾਸ਼ਤ ਹੋਗੀ,
ਯੇ ਵਹਿਸ਼ਤ ਤੋ ਨਹੀਂ ਬਰਦਾਸ਼ਤ ਹੋਗੀ।

ਅਗਰ ਲਹਿਰੋਂ ਕੋ ਹੈ ਦਰਿਆ ਮੇਂ ਰਹਿਨਾ,
ਤੋ ਉਨਕੋ ਹੋਗਾ ਅਬ ਚੁਪਚਾਪ ਬਹਿਨਾ।

ਕਿਸੀ ਕਾ ਹੁਕਮ ਹੈ ਇਸ ਗੁਲਿਸਤਾਂ ਮੇਂ,
ਬਸ ਅਬ ਏਕ ਰੰਗ ਕੇ ਹੀ ਫੂਲ ਹੋਂਗੇ,
ਕੁਛ ਅਫ਼ਸਰ ਹੋਂਗੇ ਜੋ ਯੇ ਤੈਅ ਕਰੇਂਗੇ,
ਗੁਲਿਸਤਾਂ ਕਿਸ ਤਰ੍ਹਾਂ ਬਨਨਾ ਹੈ ਕਲ ਕਾ।

ਯਕੀਨਨ ਫੂਲ ਯਕਰੰਗੀ ਤੋ ਹੋਂਗੇ,
ਮਗਰ ਯੇ ਰੰਗ ਹੋਗਾ ਕਿਤਨਾ ਗਹਿਰਾ
ਕਿਤਨਾ ਹਲਕਾ,
ਯੇ ਅਫ਼ਸਰ ਤੈਅ ਕਰੇਂਗੇ।

ਕਿਸੀ ਕੋ ਕੋਈ ਯੇ ਕੈਸੇ ਬਤਾਏ,
ਗੁਲਿਸਤਾਂ ਮੇਂ ਕਹੀਂ ਭੀ ਫੂਲ ਯਕਰੰਗੀ ਨਹੀਂ
ਹੋਤੇ।

Sri Satguru Jagjit Singh Ji Elibrary NamdhariElibrary@gmail.com

ਕਭੀ ਹੋ ਹੀ ਨਹੀਂ ਸਕਤੇ।
ਕਿ ਹਰ ਏਕ ਰੰਗ ਮੇਂ ਛੁਪਕਰ ਬਹੁਤ ਸੇ
ਰੰਗ ਰਹਿਤੇ ਹੈਂ,

ਜਿਨਹੋਂ ਨੇ ਬਾਗ਼ ਯਕਰੰਗੀ ਬਨਾਨਾ ਚਾਹੇ
ਥੇ,
ਉਨਕੋ ਜ਼ਰਾ ਦੇਖੋ।

ਕਿ ਜਬ ਯਕਰੰਗ ਮੇਂ ਸੌ ਰੰਗ ਜ਼ਾਹਿਰ ਹੋ
ਗਏ ਹੈਂ ਤੋ,
ਵੋ ਅਬ ਕਿਤਨੇ ਪਰੇਸ਼ਾਂ ਹੈਂ,
ਵੋ ਕਿਤਨੇ ਤੰਗ ਰਹਿਤੇ ਹੈਂ।

ਕਿਸੀ ਕੋ ਯੇ ਕੋਈ ਕੈਸੇ ਬਤਾਏ,
ਹਵਾਏ ਔਰ ਲਹਿਰੇਂ
ਕਬ ਕਿਸੀ ਕਾ ਹੁਕਮ ਸੁਨਤੀ ਹੈਂ।

ਹਵਾਏ, ਹਾਕਿਮੋਂ ਕੀ ਮੁੱਠੀਓਂ ਮੇਂ,
ਹਥਕੜੀ ਮੇਂ, ਕੈਦਖਾਨੋਂ ਮੇਂ
ਨਹੀਂ ਰੁਕਤੀਂ।

ਯੇ ਲਹਿਰੇਂ ਰੋਕੀ ਜਾਤੀ ਹੈਂ,
ਤੋ ਦਰਿਆ ਕਿਤਨਾ ਭੀ ਹੋ ਪੁਰਸੁਕੂਨ[3],
ਬੇਤਾਬ ਹੋਤਾ ਹੈ।.

ਔਰ ਇਸ ਬੇਤਾਬੀ ਕਾ ਅਗਲਾ ਕਦਮ,
ਸੈਲਾਬ4 ਹੋਤਾ ਹੈ,
ਕਿਸੀ ਕੋ ਕੋਈ ਯੇ ਕੈਸੇ ਬਤਾਏ।

ਔਖੇ ਸ਼ਬਦਾਂ ਦੇ ਅਰਥ:
1. ਸੰਮਤ: ਦਿਸ਼ਾ, **2.** ਸਰਕਸ਼ੀ: ਰਵਾਨੀ,
3. ਪੁਰਸੁਕੂਨ: ਸ਼ਾਂਤ **4.** ਸੈਲਾਬ: ਹੜ

ਗੱਭਰੂ

ਮੈਂ ਗੱਭਰੂ ਦੇਸ਼ ਪੰਜਾਬ ਦਾ ਮੇਰੀ ਸਭ ਤੋਂ ਉਚੀ ਸ਼ਾਨ ।

ਮੈਨੂੰ ਲੋਰੀ ਦਿੱਤੀ ਫਤਹ ਨੇ ਤੇ ਦੁੱਧ ਚੁੰਘਾਇਆ ਆਨ।

ਮੇਰੇ ਡੌਲੇ ਬਣੇ ਫੌਲਾਦ ਦੇ ਤੇ ਮੁੱਕੇ ਸਮਝ ਵਦਾਨ ।

ਮੇਰੇ ਦੰਦ ਕੁਹਾੜੇ ਕਹਿਰ ਦੇ ਉਂਗਲੀ ਵਿੱਚ ਤੁਫ਼ਾਨ ।

ਮੇਰੇ ਖ਼ੂਨ ਦੇ ਅੰਦਰ ਖੌਲਦੇ ਅਣਖ ਜੋਸ਼ ਤੇ ਆਨ ।

ਮੇਰਾ ਮੁੱਛ ਮਰੋੜਾ ਵੇਖ ਕੇ ਜਾਏ ਜਮਾਂ ਦੀ ਜਾਨ ।

ਮੇਰੇ ਹਾਸੇ ਹੋਣੀ ਹਸਦੀ ਮੈਂ ਹੋਣੀ ਦਾ ਸੁਲਤਾਨ।

ਮੈਂ ਖੱਪਰ ਪੀਆਂ ਖ਼ੂਨ ਦੇ ਜੀ ਕਾਲੀ ਦੇ ਸਮਾਨ ।

ਮੈਨੂੰ ਭੈਰੋਂ ਮੱਥਾ ਟੇਕਦਾ ਜਦ ਵੇਖੇ ਵਿੱਚ ਮੈਦਾਨ ।

ਮੈਂ ਸਿਰ ਤੇ ਕਫ਼ਨ ਲਪੇਟਿਆ ਤੇ ਨੇਜ਼ੇ ਟੰਗੀ ਜਾਨ।

ਜੋ ਤੱਕ ਕੇ ਮੇਰੇ ਦੇਸ਼ ਨੂੰ ਮੱਥੇ ਤਿਊੜੀ ਪਾਨ ।

ਦੰਦ ਤੋੜਾਂ ਉਸ ਕਮਜ਼ਾਤ ਦੇ ਤੇ ਭੇਜਾਂ ਕਬਰ ਅਸਥਾਨ।

ਮੈਂ ਰਾਖਾ ਭਾਰਤ ਦੇਸ਼ ਦਾ ਤੇ ਸੀਮਾਂ ਦਾ ਸੁਲਤਾਨ ।

'ਬਾਲਮ' ਰਾਖਾ ਰਹਾਂਗਾ ਜਦ ਤੱਕ ਹੈਨ ਪ੍ਰਾਣ ।

ਕਰਮ ਸਿੰਘ 'ਬਾਲਮ'

Sri Satguru Jagjit Singh Ji Elibrary NamdhariElibrary@gmail.com

ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

"ਮੇਰੀ ਧਾਰਮਿਕ ਉਚਤਾ ਮੈਨੂੰ ਕਿਸੇ ਗੈਰ ਕੌਮ ਦੀ ਵਰਣ-ਸ਼ੰਕਰ ਕੁੜੀ ਨਾਲ ਸੰਜੋਗ ਕਰਨ ਦੀ ਆਗਿਆ ਨਹੀਂ ਦਿੰਦੀ। ਮੈਂ ਕਿਸੇ ਨਾ ਕਿਸੇ ਰੂਪ ਵਿਚ ਇਸ ਨੂੰ ਆਪਣਾ ਪਿਆਰ ਦੇ ਸਕਦਾ ਹਾਂ, ਪਰ ਸਰੀਰ ਨਹੀਂ, ਕਿਉਂਕਿ ਸਰੀਰ ਮੇਰਾ ਨਹੀਂ। ਇਹ ਮੇਰੀ ਕੌਮ ਦਾ, ਮੇਰੇ ਗੁਰੂ ਦਾ ਹੈ, ਉਨ੍ਹਾਂ ਦੀ ਇਮਾਨਤ ਵਿਚ ਖਿਆਨਤ ਕਰਨਾ ਮੇਰੇ ਵੱਸ ਦੀ ਗੱਲ ਨਹੀਂ। ਜਿਸ ਨਾਲ ਮੈਂ ਅਜੇ ਤੀਕ ਸਿੱਧੀ ਤਰ੍ਹਾਂ ਗੱਲ ਵੀ ਨਹੀਂ ਕੀਤੀ। ਉਸ ਦੀ ਗੁਲਾਮੀ ਨੂੰ ਮੈਂ ਕਿਸੇ ਵੀ ਕੀਮਤ ਤੇ ਨਹੀਂ ਜਰ ਸਕਦਾ। ਸਬ-ਇਨਸਪੈਕਟਰ ਹੋਵਾਂ ਜਾਂ ਇਨਸਪੈਕਟਰ, ਰਵਾਂਗਾ ਤਾਂ ਇਸ ਦੇ ਪਾਪਾ ਦੀ ਗੁਲਾਮੀ ਵਿਚ ਹੀ ਨਾ। ਜਿਸ ਦੇ ਆਉਣ ਤੇ ਹੁਣ ਮੈਂ ਉਠ ਕੇ ਨਹੀਂ ਖਲੋਂਦਾ, ਉਸ ਦਾ ਗੁਲਾਮ ਬਣ ਕੇ ਉਸ ਨੂੰ ਫਿਰ ਨਿਉ ਨਿਉ ਸਲਾਮਾਂ ਨਹੀਂ ਕਰਾਂਗਾ ? ਅਤੇ ਹਜ਼ੂਰ ਆਖ ਕੇ ਘੰਟਿਆਂ ਬਧੀ ਉਸ ਦੇ ਹੁਕਮ ਦੀ ਇੰਤਜ਼ਾਰ ਵਿਚ ਨਹੀਂ ਖਲੋਵਾਂਗਾ ? ਸਤਿਗੁਰੂ ਸਾਹਿਬ ਛੱਡ ਕੇ ਇਸ ਕਮੀਨੇ ਬੰਦੇ ਦਾ ਗੋਲਾ ਬਣਾ? ਇਹ ਮੇਰੇ ਵੱਸ ਦਾ ਰੋਗ ਨਹੀਂ।

"ਭਰਾ ਜੀ! ਤੁਸੀਂ ਮਰਦ ਤੇ ਸੂਰਮੇ ਹੋ, ਤੁਹਾਡਾ ਕੰਮ ਇਸ ਅਬਲਾ ਤੇ ਵਾਰ ਕਰਨਾ ਨਹੀਂ, ਉਸ ਦੀ ਰਖਿਆ ਕਰਨਾ ਹੈ। ਪਿਉ ਦਾ ਬਦਲਾ ਧੀ ਤੋਂ ਲੈਣਾ ਸੂਰਮੇ ਦਾ ਕੰਮ ਨਹੀਂ। ਸਾਡੀ ਜਿੱਤ ਇਸੇ ਵਿਚ ਹੈ ਕਿ ਸਬਰ, ਸ਼ਾਂਤੀ ਅਤੇ ਅਹਿੰਸਾ ਨਾਲ ਇਸ ਹਿੰਸਕ ਭੂਤਨੇ ਦਾ ਮੁਕਾਬਲਾ ਕਰੀਏ। ਮੈਂ ਤੇ ਅੱਜ ਆਪਣੇ ਆਪ ਨੂੰ ਵਡਭਾਗਾ ਤੇ ਕਾਮਯਾਬ ਸਮਝਦਾ ਹਾਂ। ਅੱਜ ਮੇਰੇ ਵਰਗਾ ਜੇਤੂ ਹੋਰ ਕੌਣ ਹੈ ਸਕਦਾ ਹੈ ? ਇਸ ਤੋਂ ਬਾਹਲੀ ਫ਼ਤਹ ਮੇਰੇ ਸਤਿਗੁਰੂ ਰਾਮ ਸਿੰਘ ਜੀ ਦੀ ਹੋਰ ਕੀ ਹੋ ਸਕਦੀ ਹੈ ਕਿ ਦੁਸ਼ਮਣ ਦੀ ਕੁੜੀ, ਉਸ ਦੇ ਇਕ ਅਦਨੇ ਜਿਹੇ ਮੂਰਖ ਜੱਟ, ਜਿਸ ਦਾ ਮਸ਼ਹੂਰ ਨਾਂ ਹੀ "ਅੜਬੰਗੀ ਹੈ ਸੇਵਕ ਕੋਲ ਪਿਆਰ ਭਿਖਿਆ ਮੰਗਣ ਜਿਹਲ ਵਿਚ ਤੁਰ ਕੇ ਆਵੇ, ਅਗੋਂ ਨਾ ਕੇਵਲ ਖਰੈਤ ਵਲੋਂ ਹੀ ਜਵਾਬ ਮਿਲੇ, ਸਗੋਂ ਕਾਸਾ ਵੀ ਭਨਾ ਕੇ ਜਾਇ ! ਜੇ ਮੈਂ ਉਸ ਦੀ ਗੱਲ ਮੰਨ ਕੇ, ਉਸ ਦੇ ਸ਼ਬੰਦ ਤੇ ਹੁਸਨ ਜਾਲ ਵਿਚ ਫਸ ਜਾਂਦਾ, ਤਦ ਉਸ ਦੀ ਜਿੱਤ ਸੀ, ਉਸ ਦੇ ਜਾਲਮ ਤੇ ਜਾਬਰ ਪਿਉ ਦੀ ਜਿੱਤ ਸੀ, ਅੰਗਰੇਜ਼ ਦੀ ਬ੍ਰਿਟਿਸ਼ ਸਾਮਰਾਜ ਦੀ ਜਿੱਤ ਸੀ। ਜੇ ਮੈਂ ਮਰ ਜਾਂਦਾ ਤਦ ਇਹ ਹਾਰ ਇਕੱਲੇ ਅੜਬੰਗੀ ਜੱਟ ਦੀ ਨਹੀਂ ਸੀ, ਆਜ਼ਾਦੀ ਦੇ ਪਹਿਲੇ ਅਵਤਾਰ, ਮੇਰੇ ਚੀਨੀ ਵਾਲੇ ਸ਼ਹਿਨਸ਼ਾਹ ਦੀ ਹਾਰ ਸੀ। ਹਿੰਦੀ ਕੌਮ ਦੀ ਹਾਰ ਸੀ। ਦੇਸ਼ ਦੀ, ਦੇਸ਼ ਦੇ ਸ੍ਵੈ-ਅਭਿਮਾਨ ਦੀ ਹਾਰ ਸੀ। ਜਿਸ ਦੇ ਬਦਲੇ ਇਸ ਹੱਡ-ਚੰਮ ਦੀ ਬਿਨਸਨ ਹਾਰ ਚਿੱਟ-ਚਮੜੀ ਕੁੜੀ ਅਤੇ ਥਾਣੇਦਾਰੀ ਤੇ ਇਕ ਪਾਸੇ ਰਹੀ, ਸਾਰੇ ਯੋਰਪ, ਸਾਰੇ ਬ੍ਰਿਟਿਸ਼ ਸਾਮਰਾਜ ਇਕ ਕਾਣੀ ਕੌਡੀ ਦੇ ਮੁੱਲ ਦੇ ਵੀ ਨਹੀਂ। ਦੇਸ਼ ਦੇ ਵਕਾਰ ਤੋਂ ਦੋ ਜਹਾਨ ਦੀ ਬਾਦਸ਼ਾਹਤ ਕੁਰਬਾਨ ਕੀਤੀ ਜਾ ਸਕਦੀ ਹੈ, ਮਰਨ ਦਾ ਡਰ ਤਾਂ ਮੇਰਾ ਉਸੇ ਦਿਨ ਲੱਥ ਗਿਆ ਸੀ, ਜਿਸ ਦਿਨ ਮੇਰੇ ਸਤਿਗੁਰੂ ਰਾਮ ਸਿੰਘ ਨੇ ਮੇਰੇ ਕੰਨ ਵਿਚ, ਆਜ਼ਾਦੀ ਦਾ ਮਹਾਂ ਮੰਤ੍ਰ ਫੂਕਿਆ ਸੀ, ਪਰ ਹੁਣ ਤਾਂ ਮੈਨੂੰ ਮਰਨ ਦਾ ਉੱਕਾ ਹੀ ਗਮ ਨਹੀਂ ਕਿਉਂਕਿ ਅੱਜ ਮੇਰੇ ਪੈਰਾਂ ਵਿਚ ਇੰਗਲੈਂਡ ਦੀ ਮਲਕਾ ਮੁਅੱਜ਼ਮਾ ਵਿਕਟੋਰੀਆ ਦਾ ਤਾਜ ਰੁਲਦਾ ਸੀ, ਜਿਸ ਨੂੰ ਮੈਂ ਸਿਰ ਤੇ ਧਰਨ ਦੀ ਥਾਂ ਖਿਦੇ ਵਾਂਗ ਠੇਡੇ ਮਾਰ ਮਾਰ ਰੋਹੜਿਆ ਹੈ। ਅੱਜ ਸਾਨੂੰ ਤੁਹਾਨੂੰ ਰਲ ਕੇ ਖੁਸ਼ੀ ਮਨਾਉਣੀ ਚਾਹੀਦੀ ਹੈ। ਅੱਜ ਅੰਗਰੇਜ਼, ਅੰਗਰੇਜ਼ ਦੀ ਹਕੂਮਤ, ਅੰਗਰੇਜ਼ ਦੀ ਸੱਭਿਅਤਾ ਦੀ ਹਾਰ ਵੇਖ, ਭਾਰਤ ਤੇ ਭਾਰਤੀ ਸੰਸਕ੍ਰਿਤੀ ਸਿਰ ਉਚਾ ਕਰੀ ਮਾਣ ਨਾਲ ਫਿਰ ਰਹੇ ਹਨ।

ਉਸ ਦੀਆਂ ਦੇਸ਼ ਪਿਆਰ ਵਿਚ ਭਿੱਜੀਆਂ ਗੱਲਾਂ ਸੁਣ ਕੇ ਮੈਂ ਹੈਰਾਨ ਹੋ ਰਿਹਾ ਸਾਂ ਅਤੇ ਦਿਲ ਹੀ ਦਿਲ ਵਿਚ ਸੋਚਦਾ ਸੀ ਪਿਆ ਕਿ ਜਿਸ ਦੇਸ਼ ਦੇ ਅਨਪੜ੍ਹ, ਮੂਰਖ ਅਤੇ ਤਿੰਨ ਸੌ ਦੇ ਦੋ ਕਾਤਿਲ ਅਜਿਹੇ ਉਦਾਰ ਤੇ ਆਜ਼ਾਦ ਹੋ ਸਕਦੇ ਹਨ, ਜਿਸ ਵਿਚ ਇਸ ਅੜਬੰਗੀ ਜਿਹੇ ਬੰਦੇ ਵਸਦੇ ਹਨ, ਜਿਨ੍ਹਾਂ ਨੂੰ 'ਭੈਣੀ ਵਾਲੇ ਨੇ ਅਜਿਹੀ ਦੇਸ਼ ਪਿਆਰ ਦੀ ਸਪਿਰਟ ਨਾਲ ਲਬਾਲਬ ਭਰ ਦਿਤਾ ਹੈ। ਜਿਨ੍ਹਾਂ ਦੇ ਕਮਲੇ ਰਮਲੇ ਏਡੀ

Sri Satguru Jagjit Singh Ji Elibrary NamdhariElibrary@gmail.com

ਉਚ ਤਹਿਜ਼ੀਬ, ਇਖ਼ਲਾਕ ਅਤੇ ਆਚਰਣ ਦੇ ਮਾਲਕ ਹਨ, ਉਸ ਦੇਸ਼ ਨੂੰ ਅੰਗਰੇਜ਼ ਬਹੁਤਾ ਚਿਰ ਗੁਲਾਮ ਨਹੀਂ ਰੱਖ ਸਕਦਾ। ਜਿਸ ਦਿਨ ਸੁੱਤੀ ਹਿੰਦੀ ਅਣਖ ਨੇ ਕਰਵਟ ਬਦਲੀ, ਸਾਨੂੰ ਅੰਗਰੇਜ਼ਾਂ ਨੂੰ ਭਜਦਿਆਂ ਨੂੰ ਰਾਹ ਨਹੀਂ ਜੇ ਲੱਭਣਾ!

ਡਾਕਟਰ ਨੇ ਅੜਬੰਗੀ ਦੇ ਜ਼ਖ਼ਮ ਤੇ ਪੱਟੀ ਕੀਤੀ। ਜਿਸ ਨੂੰ ਸੋਫੀਆ ਬਹੁਤ ਹੀ ਦੁਖ ਭਰੇ ਦਿਲ ਨਾਲ ਤੱਕ ਰਹੀ ਸੀ। ਜਿਉ ਜਿਉ ਅੜਬੰਗੀ ਦੇ ਜਖਮ ਵਿਚੋਂ ਖੂਨ ਵਗਦਾ ਸੀ, ਤਿਉਂ ਤਿਉਂ ਸੋਫੀਆ ਪੀਲੀ ਭੂਕ ਹੁੰਦੀ ਗਈ ਸੀ ਅਤੇ ਡਾਕਟਰ ਨੂੰ ਬਹੁਤ ਤਰਲੇ ਜਿਹੇ ਭਰੇ ਲਹਿਜੇ ਨਾਲ ਕਹਿ ਰਹੀ ਸੀ, "ਡਾਕਟਰ , ਜਲਦੀ ਨਾਲ ਖ਼ੂਨ ਬੰਦ ਕਰੋ। ਉਸ ਦੀ ਇਸ ਪਿਆਰ ਤੜਪ ਤੇ ਹਮਦਰਦੀ ਇਕ ਕਾਲੇ ਬੰਦੇ ਤੇ ਏਡੀ ਜਾਨ ਨਿਸਾਰੀ ਵੇਖ, ਡਾਕਟਰ ਅਤੇ ਮੈਂ ਦੋਵੇਂ ਬਹੁਤ ਹੈਰਾਨ ਹੋ ਰਹੇ ਸਾਂ। ਪਰ ਅੜਬੰਗੀ ਇਨ੍ਹਾਂ ਸਭਨਾਂ ਗੱਲਾਂ ਤੋ ਬੇ-ਪ੍ਰਵਾਹ ਸੀ। ਉਹ ਆਪਣੀ ਧੁਨ ਵਿਚ ਮਸਤ ਮੁਸਕਰਾ ਜਿਹਾ ਪਿਆ। ਉਹ ਸੋਫੀ ਦੇ ਪਿਆਰ, ਡਾਕਟਰ ਦੀ ਪੱਟੀ ਅਤੇ ਮੌਜੂਦਗੀ ਨੂੰ ਇੰਜ ਵੇਖ ਰਿਹਾ ਸੀ ਜਿਵੇਂ ਕੋਈ ਪੇਂਡੂ ਸ਼ਹਿਰ ਵਿਚ ਆ ਕੇ ਤਮਾਸ਼ਾ ਵੇਖਦਾ ਹੁੰਦਾ ਹੈ।

੫

"ਮੇਰੇ ਲਈ ਕੀ ਹੁਕਮ ਹੈ ਭਰਾ ਜੀ।" ਸੋਫੀਆ ਨੇ ਅੜਬੰਗੀ ਨੂੰ ਸੰਬੋਧਨ ਕਰ ਕੇ ਕਿਹਾ।

"ਮੈਂ ਜੋ ਕੁਝ ਆਖਣਾ ਸੀ ਉਹ ਕਦੇ ਦਾ ਆਖ ਚੁੱਕਾ ਹਾਂ ਸੋਫੀ ਭੈਣ।

"ਮੈਂ ਤਾਂ ਤੁਹਾਡੀ ਗੱਲ ਮੰਨ ਕੇ ਜਾ ਰਹੀ ਸਾਂ ਪਰ ਤੁਹਾਡਾ ਏਡਾ ਵੱਡਾ ਅਹਿਸਾਨ ਲੈ ਕੇ ਅਤੇ ਤੁਹਾਨੂੰ ਇਸ ਹਾਲਤ ਵਿਚ ਛੱਡ, ਹੁਣ ਜਾਣ ਨੂੰ ਦਿਲ ਨਹੀਂ ਮੰਨ ਰਿਹਾ।

"ਮੈਨੂੰ ਕੁਝ ਨਹੀਂ ਹੋਇਆ ਸੋਫੀ ਭੈਣ! ਜੱਟ ਉਤਨਾ ਚਿਰ ਕਦੀ ਨਹੀਂ ਮਰ ਸਕਦਾ, ਜਿੰਨਾ ਚਿਰ ਉਸ ਦੀ ਸ਼ਾਹਰਗ ਨਾ ਵੱਢੀ ਜਾਵੇ। ਅਜਿਹੀਆਂ ਮਾਮੂਲੀ ਝਰੀਟਾਂ ਨਾਲ ਮੇਰਾ ਕੁਝ ਨਹੀਂ ਵਿਗੜਦਾ। ਇਹ ਤੁਹਾਡੇ ਉਤੇ ਮੈਂ ਕੋਈ ਅਹਿਸਾਨ ਕਰਨ ਲਈ ਨਹੀਂ ਕੀਤਾ। ਇਕ ਘਰ ਆਏ ਅਤਿਥੀ ਦੀ ਸੇਵਾ ਸਹਾਇਤਾ ਕਰਨਾ ਭਾਰਤੀ ਸੰਸਕ੍ਰਿਤੀ ਦਾ ਧਰਮ ਹੈ। ਮੈਂ ਉਸ ਦੀ ਪਾਲਣਾ ਕੀਤੀ ਹੈ, ਤੁਸੀਂ ਜਿਵੇਂ ਆਏ ਸੀ ਤਿਵੇਂ ਖ਼ੁਸ਼ੀ ਖ਼ੁਸ਼ੀ ਜਾਓ।

"ਜੇ ਤੁਸੀਂ ਵਿਚਕਾਰ ਨਾ ਆ ਖਲੋਂਦੇ ਤਦ ਮੈਂ ਇਹ ਹਾਦਸਾ ਬਰਦਾਸ਼ਤ ਕਰਨ ਤੋਂ ਉੱਕਾ ਹੀ ਅਸਮਰਥ ਸਾਂ। ਮੇਰੇ ਬਦਲੇ ਆਪ ਜ਼ਖ਼ਮੀ ਹੋਏ। ਇਸ ਦਾ ਬਦਲਾ ਕਿਵੇਂ ਚੁਕਾਵਾਂ ? ਜੇ ਤੁਸੀਂ ਆਖੇ ਮੈਂ ਬਿਨਾਂ ਸ਼ਰਤ ਅਤੇ ਬੇਉਜ਼ਰ ਪ੍ਰਵਾਨ ਕਰਾਂਗੀ। ਜਿਸ ਨੂੰ ਭੈਣ ਆਖ ਕੇ ਸਤਿਕਾਰ ਤੇ ਪਿਆਰ ਦੇ ਕੇ, ਸਕੇ ਭਰਾ ਦੀ ਘਾਟ ਪੂਰੀ ਕੀਤੀ ਹੈ। ਉਸ ਦੀ ਕੋਈ ਅਰਜ਼ ਤੇ ਕਬੂਲ ਕਰੋ।

"ਇਹ ਮੈਂ ਜੋ ਕੁਝ ਕੀਤਾ ਹੈ, ਕੋਈ ਰਿਆਇਤ ਲੈਣ ਲਈ ਅਸਲੋਂ ਨਹੀਂ ਕੀਤਾ। ਅਬਲਾ ਦੀ ਰੱਖਿਆ ਕਰਨਾ ਮੇਰਾ ਇਖ਼ਲਾਕੀ ਫਰਜ਼ ਹੈ, ਮੈਂ ਜੋ ਕੁਝ ਕੀਤਾ ਹੈ ਆਪਣੇ ਗੁਰਦੇਵ ਦੀ ਖੁਸ਼ੀ ਹਾਸਲ ਕਰਨ ਲਈ ਕੀਤਾ ਹੈ, ਅਤੇ ਆਤਮਾ ਦੀ ਤਸਕੀਨ ਤੇ ਤਸੱਲੀ ਲਈ ਕੀਤਾ ਹੈ। ਇਸ ਮਾਮੂਲੀ ਜਿਹੀ ਅਣਹੋਣੀ ਗੱਲ ਨੂੰ ਅਜਿਹੀ ਜਜ਼ਬਾਤੀ ਨਾ ਬਣਾਓ। ਕੁਝ ਵੀ ਮਹਿਸੂਸ ਨਾ ਕਰਦੇ ਹੋਏ ਇੰਝ ਸਮਝੋ ਜਿਵੇਂ ਕੁਝ ਵੀ ਨਹੀਂ ਹੋਇਆ। ਸੋਫੀ ਭੈਣ, ਮੈਂ ਤੈਨੂੰ ਕੀ ਆਖਾ ਜਦ ਕਿ ਤੇਰੇ ਕਹੇ ਤੇਰੇ ਪਾਪਾ ਨੇ ਕੋਈ ਵੀ ਗੱਲ ਨਹੀਂ ਮੰਨਣੀ। ਜੇ ਮੈਂ ਆਖਾਂ ਵੀ ਤੂੰ ਕਰ ਕੁਝ ਨਹੀਂ ਸਕਣਾ।

"ਨਹੀਂ! ਜੋ ਤੁਸੀਂ ਕਹੋਗੇ ਮੈਂ ਪਾਪਾ ਨੂੰ ਜ਼ਰੂਰ ਮਨਾ ਲਵਾਂਗੀ। ਮੇਰੇ ਕਹੇ ਨਾ ਵੀ ਮੰਨੇ, ਮੈਂ ਮੰਮੀ ਨੂੰ ਕਹਾਂਗੀ। ਉਹ ਮੇਰੀ ਗੱਲ ਮੰਨਣ ਲਈ ਪਾਪਾ ਨੂੰ ਮਜਬੂਰ ਕਰਨਗੇ। ਸੋਫੀ ਨੇ ਖ਼ੁਸ਼ੀ ਖ਼ੁਸ਼ੀ ਅੱਖਾਂ ਵਿਚ ਚਮਕ ਪੈਦਾ ਕਰਦਿਆਂ ਕਿਹਾ।

"ਕਾਮਿਲ ਜਜ਼ਬੇ, ਦ੍ਰਿੜ ਵਿਸ਼ਵਾਸ ਅਤੇ ਸਚੇ ਦਿਲੋਂ ਜੋ ਕਰੋਗੇ ਜ਼ਰੂਰ ਪੂਰਾ ਹੋ ਜਾਇਗਾ, ਜ਼ਰਾ ਹਿੰਮਤ ਦੀ ਲੋੜ ਏ।

ਫਿਰ ਦੱਸੋ ਨਾ?

"ਜ਼ਰੂਰ।

"ਜ਼ਰੂਰ !

"ਜੇ ਜ਼ਰੂਰ ਹੀ ਮੇਰੇ ਸਿਰ ਕੁਝ ਅਹਿਸਾਨ ਕਰਨਾ ਚਾਹੁੰਦੇ ਜੇ, ਤਦ ਪਾਪਾ ਤੇ ਜੋਰ ਪਾ ਕੇ ਇਸ ਗਰੀਬ "ਸੱਜਣ ਨੂੰ ਮਾਫ਼ ਕਰਾ ਕੇ, ਬਰੀ ਕਰਾ ਕੇ ਇਸ ਦੇ ਘਰ ਭਿਜਵਾ ਦੇ, ਮੇਰੀ ਬਹੁਤ ਚੰਗੀ ਭੈਣ।"

ਚਲਦਾ..........

ਸੁੱਚੇ ਮੋਤੀ

- ਦੋਸਤੀ ਉਨ੍ਹਾਂ ਨਾਲ ਕਰੋ ਜੋ ਨਿਭਾਉਣਾ ਜਾਣਦੇ ਹੋਣ।
- ਰੁੱਸੋ ਉਨ੍ਹਾਂ ਨਾਲ ਜੋ ਮਨਾਉਣਾ ਜਾਣਦੇ ਹਨ।
- ਝਗੜਾ ਉਨ੍ਹਾਂ ਨਾਲ ਕਰੋ ਜੋ ਭੁਲਾਉਣਾ ਜਾਣਦੇ ਹੋਣ।
- ਪਿਆਰ ਉਨ੍ਹਾਂ ਨਾਲ ਕਰੋ ਜੋ ਦਿਲ ਲੁਟਾਉਣਾ ਜਾਣਦੇ ਹੋਣ।
- ਜੋ ਰਿਸ਼ਤੇ ਸੱਚੇ ਹੋਣ ਉਹ ਜ਼ਿਆਦਾ ਸੰਭਾਲਨੇ ਨਹੀਂ ਪੈਂਦੇ।
- ਜੋ ਰਿਸ਼ਤੇ ਜ਼ਿਆਦਾ ਸੰਭਾਲਨੇ ਪੈਣ ਉਹ ਸੱਚੇ ਨਹੀਂ ਹੁੰਦੇ।
- ਗੁੱਸਾ ਆਵੇ ਤਾਂ ਰੁਕਣਾ ਸਿੱਖੋ ਗਲਤੀ ਹੋਵੇ ਤਾਂ ਝੁਕਣਾ ਸਿੱਖੋ।
- ਸਬਰ ਤੋਂ ਵੱਡਾ ਕੋਈ ਸੁੱਖ ਨਹੀਂ।
- ਲੋਭ ਹੀ ਪਾਪ ਦਾ ਬਾਪ ਹੈ।
- ਭੁੱਖੇ ਨੂੰ ਰੋਟੀ ਦੇਣੀ ਸਭ ਤੋਂ ਵੱਡਾ ਪੁੰਨ ਹੈ।
- ਜਿਸਨੇ ਰਿਸ਼ਤਾ ਨਿਭਾਉਣਾ ਹੋਵੇ, ਉਹ ਹਜ਼ਾਰ ਗਲਤੀਆਂ ਵੀ ਮਾਫ਼ ਕਰ ਸਕਦਾ ਹੈ।
- ਜਿਸਨੇ ਰਿਸ਼ਤਾ ਤੋੜਨਾ ਹੋਵੇ ਉਹ ਇੱਕ ਗੱਲ ਦਾ ਵੀ ਬਹਾਨਾ ਬਣਾ ਕੇ ਰਿਸ਼ਤਾ ਤੋੜ ਦੇਵੇਗਾ।
- ਦੂਸਰੇ ਦਾ ਦਰਦ ਉਹੋ ਵੰਡਾਉਂਦੇ ਹਨ ਜਿਨ੍ਹਾਂ ਨੇ ਆਪ ਦਰਦ ਹੰਢਾਇਆ ਹੋਵੇ।
- ਸ਼ਾਂਤ ਰਹਿਣਾ ਇਨਸਾਨ ਦੀ ਸਭ ਤੋਂ ਵੱਡੀ ਤਾਕਤ ਹੈ।
- ਜਿਸਨੂੰ ਤੁਹਾਡੇ ਤੇ ਵਿਸ਼ਵਾਸ ਹੈ ਉਸਨੂੰ ਸਫਾਈ ਦੇਣ ਦੀ ਲੋੜ ਨਹੀਂ।
- ਜਿਸਨੂੰ ਵਿਸ਼ਵਾਸ ਨਹੀਂ ਉਹ ਸਫਾਈ ਦੇਣ ਤੇ ਵੀ ਮੰਨੇਗਾ ਨਹੀਂ।

Sri Satguru Jagjit Singh Ji Elibrary NamdhariElibrary@gmail.com

ਬੱਚਿਆਂ ਦਾ ਪੰਨਾ

ਭਾਈ ਤਾਰੂ ਸਿੰਘ ਦੀ ਸ਼ਹੀਦੀ

ਮਾਝੇ ਵਿੱਚ ਇੱਕ ਸਿੱਖ ਸੀ ਉਸਦਾ ਨਾਂ ਸੀ ਤਾਰੂ ਸਿੰਘ। ਉਸ ਵੇਲੇ ਪੰਜਾਬ ਵਿੱਚ ਤੁਰਕਾਂ ਦਾ ਰਾਜ ਸੀ। ਭਾਈ ਤਾਰੂ ਸਿੰਘ ਜੰਗਲਾਂ ਵਿੱਚ ਲੁਕੇ ਸਿੰਘਾਂ ਨੂੰ ਪ੍ਰਸ਼ਾਦੇ ਘਲਿਆ ਕਰਦਾ ਸੀ। ਲਾਹੌਰ ਦੇ ਸੂਬੇ ਜ਼ਕਰੀਆ ਖ਼ਾਨ ਉਸ ਨੂੰ ਸੱਦ ਘਲਿਆ। ਉਸ ਕਿਹਾ ਇਹ ਸੇਵਾ ਹੈ ਮੈਂ ਨਹੀਂ ਛੱਡ ਸਕਦਾ। ਜ਼ਕਰੀਆ ਖ਼ਾਨ ਨੂੰ ਗੁੱਸਾ ਚੜ੍ਹ ਗਿਆ। ਉਸ ਕਿਹਾ, ਮੁਸਲਮਾਨ ਹੋ ਜਾਹ। ਨਹੀਂ ਤੇ ਤੇਰੀ ਸਿੱਖੀ ਕੱਢ ਦਿਆਂਗਾ। ਭਾਈ ਜੀ ਕਿਹਾ, ਮੇਰੀ ਸਿੱਖੀ ਸੁਆਸਾ ਨਾਲ ਨਿਭੇਗੀ। ਜ਼ਕਰੀਆ ਖ਼ਾਨ ਨੇ ਕੇਸ ਮੁੰਨਣੇ ਚਾਹੇ।

ਉਹ ਕੈਂਚੀ ਉਸਤਰੇ ਨਾਲ ਵੀ ਨਾਂ ਮੁੰਨੇ ਗਏ। ਅਖੀਰ ਮੋਚੀ ਨੂੰ ਸੱਦ ਕੇ ਖੋਪਰੀ ਸਮੇਤ ਕੇਸ ਲੁਹਾ ਦਿੱਤੇ। ਓਧਰ ਜ਼ਕਰੀਆ ਖ਼ਾਨ ਦਾ ਪੇਸ਼ਾਬ ਬੰਦ ਹੋ ਗਿਆ। ਕਿਸੇ ਦਵਾਈ ਨੇ ਕੰਮ ਨਾ ਕੀਤਾ। ਭਾਈ ਸ਼ਬੇਗ ਸਿੰਘ ਕਿਹਾ ਭਾਈ ਜੀ ਦਾ ਜੋੜਾ ਸਿਰ ਤੇ ਮਾਰੋ ਫੇਰ ਪੇਸ਼ਾਬ ਆਵੇਗਾ। ਮਰਦਾ ਕੀ ਨਹੀਂ ਕਰਦਾ, ਜਿਓਂ ਜਿਓਂ ਭਾਈ ਜੀ ਦੀ ਜੁੱਤੀ ਵੱਜੇ ਜ਼ਕਰੀਆ ਖ਼ਾਨ ਨੂੰ ਪੇਸ਼ਾਬ ਆਵੇ। ਉਸ ਨੂੰ ਏਨੀਆਂ ਜੁੱਤੀਆਂ ਪਈਆਂ ਕਿ ਜ਼ਕਰੀਆ ਖ਼ਾਨ ਜੁੱਤੀਆਂ ਦੀ ਮਾਰ ਨਾਲ ਹੀ ਮਰ ਗਿਆ। ਭਾਈ ਜੀ ਨੇ ਜ਼ਕਰੀਆ ਖ਼ਾਨ ਤੋਂ ਪਿੱਛੋਂ ਚਲਾਣਾ ਕੀਤਾ। ਭਾਈ ਜੀ ਦੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭੀ। ਬਾਲਕੋ ! ਤੁਸੀਂ ਭੀ ਅਰਦਾਸ ਕਰੋ ਕਿ ਸਾਡੀ ਸਿੱਖੀ ਕੇਸਾਂ ਸੁਆਸਾਂ ਨਾਲ ਨਿਭੇ।

Sri Satguru Jagjit Singh Ji Elibrary NamdhariElibrary@gmail.com

ਖ਼ਬਰਨਾਮਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਤੀਸਰਾ ਆਸਟ੍ਰੇਲੀਆ ਦੌਰਾ ਮਈ 2019

ਆਸਟਰੇਲੀਆ ਦੌਰਾ ਮਈ 2019
ਮੈਲਬੋਰਨ ਸ਼ਹਿਰ

ਸਾ ਧਰਤੀ ਪਈ ਹਰਿਆਵਲੀ
ਜਿਥੈ ਮੇਰਾ ਸਤਿਗੁਰੁ ਬੈਠਾ ਆਇ॥
ਸੇ ਜੰਤ ਭਏ ਹਰੀਆਵਲੇ
ਜਿਨੀ ਮੇਰਾ ਸਤਿਗੁਰੁ ਦੇਖਿਆ ਜਾਏ॥

ਸ੍ਰੀ ਸਤਿਗੁਰੂ ਉਦੇ ਸਿੰਘ ਸੱਚੇ ਪਾਤਿਸ਼ਾਹ ਜੀ ਆਸਟ੍ਰੇਲੀਆ ਦੇ ਸ਼ਹਿਰ ਪਰਥ,ਬ੍ਰਿਸਬੇਨ ਤੇ ਸਿਡਨੀ ਹੁੰਦੇ ਸਿੱਖੀ ਦਾ ਪ੍ਰਚਾਰ ਪ੍ਰਸਾਰ ਕਰਦਿਆਂ ਆਪਣੇ ਸਿੱਖਾਂ ਨੂੰ ਦਰਸ਼ਨ ਦੀਦਾਰੇ ਬਖਸ਼ਦਿਆਂ 14 ਮਈ 2019 ਨੂੰ ਸਿਡਨੀ ਤੋਂ ਵਰਜਿਨ ਏਅਰਲਾਈਨ ਦੀ ਫਲਾਈਟ ਵਿੱਚ ਸ੍ਰੀ ਮਾਤਾ ਗੁਰਸ਼ਰਨ ਕੌਰ ਜੀ ਤੇ ਸਿੱਖਾਂ ਸੇਵਕਾਂ ਸਮੇਤ ਉਡਾਨ ਭਰ ਦੁਪਿਹਰ 3 ਵਜੇ ਦੇ ਕਰੀਬ ਮੈਲਬੋਰਨ ਦੇ ਏਅਰਪੋਰਟ ਤੇ ਦਰਸ਼ਨ ਦਿੱਤੇ। ਏਅਰਪੋਰਟ ਤੋਂ ਸਿੱਧਾ ਹੀ ਸਤਿਗੁਰੂ ਜੀ ਦਾ ਸਵਾਗਤ ਕਰ ਸਿੰਘ ਨਾਮਧਾਰੀ ਧਰਮਸ਼ਾਲਾ ਮੈਲਬੋਰਨ ਵਿਖੇ ਪੁੱਜੇ ਜਿੱਥੇ ਚਰਨ ਭੌਰੇ ਆਪ ਜੀ ਦੇ ਸਵਾਗਤ ਹਿੱਤ ਏਅਰਪੋਰਟ ਤੇ ਦੀਦੇ ਵਿਛਾਈ ਖੜੋਤੇ ਸਨ। ਮੈਲਬੋਰਨ ਦੀ ਸੰਗਤ ਦੇ ਨਾਲ ਨਾਲ ਇੰਗਲੈਂਡ ਤੋਂ ਉਚੇਚਿਆਂ ਦਰਸ਼ਨ ਕਰਨ ਆਇਆ ਨਾਮਧਾਰੀ ਸੰਗਤ ਦਾ ਪ੍ਰਧਾਨ ਨੌਜਵਾਨ ਕੁਲਦੀਪ ਸਿੰਘ ਉੱਭੀ ਵੀ ਫੁੱਲਾਂ ਦਾ ਗੁਲਦਸਤਾ ਹੱਥ ਵਿੱਚ ਫੜੀ ਸਤਿਗੁਰੂ ਜੀ ਦੇ ਸਵਾਗਤ ਲਈ ਖੜੋਤਾ ਸੀ। ਏਥੋਂ ਗੱਡੀਆਂ ਤੇ ਸਵਾਰ ਹੋ ਸ੍ਰੀ ਹਜ਼ੂਰ ਦਾ ਕਾਫਲਾ ਮੈਲਬੋਰਨ ਸ਼ਹਿਰ ਦੀਆਂ ਚੌੜੀਆਂ ਸੜਕਾਂ ਨੂੰ ਪਾਰ ਕਰਦਾ ਹੋਇਆ ਦੱਖਣ ਪੂਰਬ ਦੀ ਦਿਸ਼ਾ ਵਿੱਚ ਤਕਰੀਬਨ 90 ਕਿ:ਮੀ ਦਾ ਫਾਸਲਾ ਤਹਿ ਕਰਦਾ ਨਵੀਂ ਬਣੀ ਨਾਮਧਾਰੀ ਧਰਮਸ਼ਾਲਾ ਪੁੱਜਾ।38 ਏਕੜ ਦੀ ਸਮਤਲ ਜਮੀਨ ਜੋ ਕਿ ਪਹਿਲੋਂ ਚਾਰਗਾਹ ਸੀ 2015 ਵਿੱਚ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਖਰੀਦੀ ਗਈ ਸੀ। ਨਾਮਧਾਰੀ ਬੱਚੇ ਬੱਚੀਆਂ,ਮਾਈ ਭਾਈ ਜਿਨਾਂ ਵਿੱਚ 98 ਪ੍ਰਤੀਸ਼ਤ ਨੌਜਵਾਨ ਹੀ ਸਨ ਆਪਣੇ ਮਹਿਬੂਬ ਦੇ ਸਵਾਗਤ ਲਈ ਖੜੋਤੇ ਸਨ। ਪਾਤਿਸ਼ਾਹ ਜੀ ਦੀ ਕਾਰ ਦੀ ਆਮਦ ਦੇ ਨਾਲ ਹੀ ਹਾਲ ਇਹ ਹੋ ਗਿਆ ਕਿ: **ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ।**

ਅਕਾਸ਼ ਗੂੰਜਦੇ ਜੈਕਾਰਿਆਂ ਨਾਲ ਢੋਲਕ ਛੈਣਿਆਂ ਦੀ ਤਾਲ ਨਾਲ ਸ਼ਬਦ ਪੜ੍ਹਦੀ ਲੋਟ ਪੋਟ ਹੋਈ ਗੁਰੂ ਦਰਸ਼ਨਾ ਦੀ ਦੀਵਾਨੀ ਸੰਗਤ ਗੱਡੀ ਦੇ ਅੱਗੇ ਅੱਗੇ ਹੋ ਨਵੀਂ ਬਣੀ ਧਰਮਸ਼ਾਲਾ ਦੀ ਇਮਾਰਤ ਦੇ ਮੁਖ ਦੁਆਰ ਵੱਲ ਨੂੰ ਚਲ ਪਈ "ਦਿਨ ਭਾਗਾਂ ਵਾਲਾ ਚੜ੍ਹਿਆ ਅੱਜ ਮੇਰਾ ਸਤਿਗੁਰੂ ਆਇਆ ਏ"। ਸ੍ਰੀ ਸਤਿਗੁਰੂ ਜੀ ਮਾਤਾ ਜੀ ਗੱਡੀ ਚੋਂ ਬਾਹਰ ਨਿਕਲੇ ਸੰਗਤ ਨੇ ਵਾਰੀ ਵਾਰੀ ਨਮਸਕਾਰ ਕੀਤੀ। ਸਾਰਿਆਂ ਦੀ ਸੁੱਖ ਸਾਂਦ ਪੁੱਛਦੇ ਬੱਚਿਆਂ ਨੂੰ ਪਿਆਰ ਦੇਂਦੇ ਸਤਿਗੁਰੂ ਜੀ ਨਵੀਂ ਬਣੀ ਇਮਾਰਤ ਵੱਲ ਨੂੰ ਵੇਖਦਿਆਂ ਬਚਨ ਕੀਤਾ, ਵਾਹ-ਵਾਹ ਸ਼ਾਬਾਸ਼ ਏ ਤੁਹਾਡੇ ਸਾਰਿਆਂ ਦੇ। ਨੌਜਵਾਨਾਂ ਵਿੱਚ ਹੋਰ ਵੀ ਉਤਸ਼ਾਹ ਭਰ ਗਿਆ। ਕਰੀਬ 500 ਸੁਕੇਅਰ ਮੀਟਰ ਜਗਾ ਨੂੰ ਛੱਤਿਆ ਗਿਆ ਹੈ। ਵੱਡੀ ਗੱਲ ਇਹ ਸੀ ਕਿ ਇਸ ਹਾਲ ਦੀ ਉਸਾਰੀ ਵਿੱਚ ਹਰ ਕੰਮ ਸਤਿਗੁਰੂ ਜੀ ਦੀ ਕਿਰਪਾ ਨਾਲ ਨੌਜਵਾਨਾਂ ਨੇ ਰਲ ਕੇ ਹੱਥੀ ਕੀਤਾ ਸੀ। ਇਹ ਇਮਾਰਤ ਛੇ ਮਹੀਨੇ ਦੀ ਕਰੜੀ ਮੇਹਨਤ, ਲਗਨ ਤੇ ਸ਼ਰਧਾ ਦਾ ਸਿੱਟਾ ਹੈ। ਹਾਲ,ਲੰਗਰ,ਸਟੋਰ,ਪਖਾਨੇ ਆਦਿ ਸਭ ਨਵੇਂ ਢੰਗ ਦੇ ਕੁਝ ਅਸਥਾਈ ਪਖਾਨਿਆਂ ਦਾ ਮੇਲੇ ਕਰਕੇ ਪ੍ਰਬੰਧ ਕੀਤਾ ਗਿਆ ਸੀ। ਹਾਲ ਦੇ ਅੰਦਰ ਸਤਿਗੁਰੂ ਜੀ ਦੀ ਸਟੇਜ ਤੇ ਸੁਸ਼ੋਭਿਤ ਸੁੰਦਰ ਪਾਲਕੀ ਪਿਛਲੇ ਪਾਸੇ ਦੀਵਾਰ ਨਾਲ ਸਤਿਗੁਰੂ ਸਾਹਿਬਾਨ ਦੀਆਂ ਸੁੰਦਰ ਵਡ ਆਕਾਰੀ ਤਸਵੀਰਾਂ,ਪੰਡਾਲ ਵਿੱਚ ਦੁੱਧ ਚਿੱਟੀਆਂ ਚਾਦਰਾਂ ਦੀ ਸੁੰਦਰ ਵਿਛਾਈ ਤੇ ਠੰਢ ਨੂੰ ਵੇਖਦਿਆਂ ਹੋਇਆਂ ਗੈਸ ਵਾਲੇ ਹੀਟਰਾਂ ਦਾ ਇੰਤਜ਼ਾਮ ਸੀ। ਸਤਿਗੁਰੂ ਜੀ ਸਾਰੇ ਨੌਜਵਾਨਾਂ ਤੇ ਬਹੁਤ ਖੁਸ਼ ਸਨ। ਬਾਹਰ ਚੌਗਿਰਦੇ ਬੂਟਿਆਂ ਦੀ ਵਲਗਣ ਸੀ ਜੋ ਕਿ ਹਾਲੇ ਕੁਝ ਹੀ ਮਹੀਨਿਆਂ ਦੇ ਸਨ ਇਹਨਾਂ ਵਿੱਚ ਆਲਿਵ,ਨਿੰਬੂ ਆਦਿ ਕਈ ਕਿਸਮਾਂ ਦੇ ਬੂਟੇ ਸਨ ਜਿਨਾਂ ਵਾਸਤੇ ਪਾਣੀ ਦੀ ਮਾਤਰਾ ਘੱਟ ਚਾਹੀਦੀ ਹੈ। ਸਤਿਗੁਰੂ ਜੀ ਨੇ ਨੌਜਵਾਨਾਂ ਨੂੰ ਨਾਲ ਲੈ ਸਾਰੇ ਪਾਸੇ ਨਿਰੀਖਣ ਕੀਤਾ ਤੇ

Sri Satguru Jagjit Singh Ji Elibrary NamdhariElibrary@gmail.com

ਖੁਸ਼ੀਆਂ ਬਖਸ਼ੀਆਂ। ਇਹ ਸਾਰੇ ਨੌਜਵਾਨ ਹੱਥੀਂ ਕਿਰਤ ਕਰਨ ਵਾਲੇ ਸਾਧਾਰਨ ਨਾਮਧਾਰੀ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਕੋਈ ਟੈਕਸੀ ਚਲਾਉਂਦਾ ਹੈ,ਕੋਈ ਕੋਰੀਅਰ ਵੈਨ,ਕੋਈ ਲੱਕੜ ਤੇ ਸੀਲਿੰਗ ਦਾ ਕਾਰੀਗਰ ਹੈ ਤੇ ਕੋਈ ਰਾਜਗਿਰੀ ਤੇ ਸੈਨਟਰੀ ਦਾ ਕੰਮ ਕਰਦਾ ਹੈ। ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਨਾਮਧਾਰੀ ਪਰਿਵਾਰਾਂ ਦੀ ਪਹਿਲੀ ਪੁਸ਼ਤ ਹੈ ਜੋ ਕਿ ਆਸਟ੍ਰੇਲੀਆ ਵਿੱਚ ਸਤਿਗੁਰੂ ਜੀ ਦੀ ਕਿਰਪਾ ਨਾਲ ਆਣ ਕਾਮਯਾਬ ਹੋਈ ਹੈ।

ਪੰਡਤ ਹਰਭਜਨ ਸਿੰਘ ਜੀ ਖੰਡੂਵਾਲੀਏ: ਦੇਸ਼ੋਂ ਖਬਰ ਆਈ ਕਿ ਪੰਡਤ ਹਰਭਜਨ ਸਿੰਘ ਖੰਡੂਵਾਲੀਆਂ ਦੀ ਤਬੀਅਤ ਬਹੁਤ ਨਾਜ਼ੁਕ ਹੈ। ਉਹਨਾਂ ਨੂੰ ਅਧਰੰਗ ਦਾ ਗੰਭੀਰ ਦੌਰਾ ਪੈਣ ਕਾਰਨ ਜੈਪੁਰ ਦੇ ਫੋਰਟਿਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੰਡਤ ਜੀ ਓਥੇ ਅਖੰਡ ਪਾਠ ਤੇ ਕਥਾ ਕਰਨ ਗਏ ਹੋਏ ਸਨ। ਹਾਲਤ ਜ਼ਿਆਦਾ ਗੰਭੀਰ ਹੈ ਜਿਸ ਕਰਕੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਹਨਾਂ ਦੇ ਸਪੁੱਤਰ ਪੰ: ਯਾਦਵਿੰਦਰ ਸਿੰਘ ਹੋਰਾਂ ਨੂੰ ਵਾਪਿਸ ਭਾਰਤ ਭੇਜਣ ਲਈ ਇੰਤਜ਼ਾਮ ਕੀਤਾ ਗਿਆ। ਸਾਰੀ ਸਾਧ ਸੰਗਤ ਨੂੰ ਜਲ ਪਾਣੀ ਛਕਾ ਕੇ ਡੇਰਿਆਂ ਤੇ ਭੇਜਿਆ ਗਿਆ। ਮੈਲਬੋਰਨ ਦੇ ਨੌਜਵਾਨਾਂ ਨੇ ਹਰ ਕਾਰਜ ਦੇ ਵੱਖੋ ਵੱਖਰੇ ਵਿਭਾਗ ਬਣਾ ਜੁੰਮੇਵਾਰੀਆਂ ਵੰਡੀਆਂ ਹੋਈਆਂ ਸਨ। ਸਭ ਨਾਲੋਂ ਖਾਸ ਗੱਲ ਇਹ ਸੀ ਕਿ ਸਾਰੇ ਇਕ ਦੂਸਰੇ ਦੀ ਗਲ ਬੜੇ ਧੀਰਜ ਤੇ ਪ੍ਰੇਮ ਨਾਲ ਸੁਣ ਮੰਨ ਰਹੇ ਸਨ ਇਹ ਟੀਮ ਵਰਕ ਦਾ ਇੱਕ ਵਧੀਆ ਨਮੂਨਾ ਸੀ। ਸ੍ਰੀ ਸਤਿਗੁਰੂ ਜੀ ਦੇ ਇਸ ਦੌਰੇ ਦੌਰਾਨ ਤਿੰਨ ਘਰਾਂ ਵਿੱਚ ਵੱਖੋ ਵੱਖਰੇ ਦਿਨ ਡੇਰੇ ਸਨ,ਸੰਤ ਰੁਪਿੰਦਰ ਸਿੰਘ,ਸੁਖਜਿੰਦਰ ਸਿੰਘ ਮੰਗਾ ਤੇ ਕਰਨਜੀਤ ਸਿੰਘ ਦੇ ਘਰ। ਬਾਕੀ ਸੰਗਤ ਦੇ ਡੇਰੇ ਵੀ ਵੱਖੋ ਵੱਖਰੇ ਘਰਾਂ ਵਿੱਚ ਲਗਾਏ ਗਏ ਸਨ। ਅਗਲੇ ਦਿਨ ਸਵੇਰੇ ਆਸਾ ਦੀ ਵਾਰ ਵਿੱਚ ਇੱਕ ਰਾਗੀ ਹੋਰ ਆ ਗਿਆ ਸੀ ਉਹ ਸੀ ਇੰਗਲੈਂਡ ਤੋਂ ਹਸਮੁੱਖ ਤੇ ਖਿੜਿਆ ਚੇਹਰਾ "ਗੁਸ਼ੀ" ਜੀ। ਸ੍ਰੀ ਸਤਿਗੁਰੂ ਜੀ ਦੇ ਪਿਆਰੇ ਗੁਰੂ ਦਰਸ਼ਨਾਂ ਲਈ ਸਮੁੰਦਰਾਂ ਨੂੰ ਪਾਰ ਕਰ ਲੰਮੀਆਂ ਉਡਾਣਾ ਭਰ ਆ ਹੀ ਜਾਂਦੇ ਹਨ। ਵਾਰ ਤੋਂ ਬਾਅਦ ਸ੍ਰੀ ਹਜ਼ੂਰ ਨੇ ਧਰਮਸ਼ਾਲਾ ਦੀ ਜ਼ਮੀਨ ਦੀ ਫੇਰੀ ਲਾਈ। ਲੱਗੇ ਰੁੱਖਾਂ ਦਾ ਨਿਰੀਖਣ ਕੀਤਾ। ਹਰਦੇਵ ਸਿੰਘ ਤੇ ਸੂਰਤਪਾਲ ਸਿੰਘ ਤਸਵੀਰਾਂ ਰਾਹੀ ਸਭ ਸਾਂਭਣ ਦੀ ਕੋਸ਼ਿਸ਼ ਕਰ ਰਹੇ ਸਨ। ਨੌਜਵਾਨਾਂ ਨੂੰ ਏਥੇ ਬੱਚਿਆਂ ਵਾਸਤੇ ਝੂਲੇ ਤੇ ਹੋਰ ਨਵੇਂ ਦਰੱਖਤ ਲਾਉਣ ਦਾ ਹੁਕਮ ਕੀਤਾ। ਰਾਗੀ ਗੁਸੀ ਨੇ ਪੁੱਛਿਆ ਕਿ ਕਿੰਨੀ ਜਗਾ ਹੈ ਮੈ ਭੁਲੇਖੇ ਨਾਲ 38 ਏਕੜ ਨੂੰ 3800 ਏਕੜ ਆਖ ਦਿੱਤਾ ਤਾਂ ਸਾਰੇ ਹੱਸ ਪਏ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ 3800 ਏਕੜ ਵੀ ਹੋ ਜਾਵੇਗੀ ਕੋਈ ਵੱਡੀ ਗੱਲ ਨਹੀਂ। ਸਾਰੇ ਨੌਜਵਾਨ ਸ੍ਰੀ ਸਤਿਗੁਰੂ ਜੀ ਦੇ ਇਸ ਵਰ ਤੋਂ ਅਤੀ ਪ੍ਰਸੰਨ ਹੋਏ। ਭੁਪਿੰਦਰ ਸਿੰਘ ਨੇ ਮੈਨੂੰ ਦੱਸਿਆ ਕਿ ਜਦੋਂ ਇਹ ਜਗਾ ਲਈ ਸੀ ਤਾਂ ਸਤਿਗੁਰੂ ਜੀ ਬਚਨ ਕੀਤਾ ਸੀ ਇਹ ਤਾਂ ਗੋਲਡ ਮਾਈਨ ਹੈ ਤੇ ਆਪ ਜੀ ਦਾ ਬਚਨ ਪੂਰਾ ਹੋਇਆ ਇਸ ਜਗਾ ਦਾ ਰੇਟ ਕਈ ਗੁਣਾ ਵਧ ਗਿਆ ਹੈ ਤੇ ਹੁਣ ਇਹ ਬਚਨ ਵੀ ਜਰੂਰ ਪੂਰਾ ਹੋਵੇਗਾ।

ਅੱਜ ਸ੍ਰੀ ਸਤਿਗੁਰੂ ਜੀ ਨਾਲ ਅਸੀਂ ਸਮੁੰਦਰ ਦੇ ਕੰਡੇ ਤੇ ਗਏ। ਏਥੇ ਹੀ ਸਮੁੰਦਰ ਤੋਂ ਇਕ ਪਾਸੇ ਜੰਗਲ ਵਿੱਚੋਂ ਹੁੰਦੇ ਹੋਏ ਚੜਾਈ ਚੜ੍ਹ ਵਿੰਗੇ ਟੇਡੇ ਰਸਤਿਆਂ ਰਾਹੀਂ ਇੱਕ ਚੱਟਾਨ ਤੇ ਜਾ ਸਤਿਗੁਰੂ ਜੀ ਦਰਸ਼ਨ ਦਿੱਤੇ। ਸਾਰੀ ਸੰਗਤ ਵੀ ਮਗਰ ਮਗਰ ਸੀ। ਸ੍ਰੀ ਸਤਿਗੁਰੂ ਜੀ ਨੇ ਏਥੇ ਖੜੇ ਪੁਰਾਣੇ ਨਾਮਧਾਰੀ ਸਿੱਖ ਸਾਧੂਆਂ ਨੂੰ ਯਾਦ ਕੀਤਾ ਜਿਨ੍ਹਾਂ ਦੀ ਅਵਸਥਾ ਅਧਿਆਤਮਵਾਦ ਦੇ ਸ਼ਿਖਰਾਂ ਤੇ ਪੁੱਜੀ ਹੋਈ ਸੀ। ਏਥੋਂ ਵਾਪਸ ਕਾਰਾਂ ਚ ਬੈਠ ਬਿੱਗ ਡਰਿਫਟ ਨਾਮ ਦੀ ਇੱਕ ਜਗਾ ਤੇ ਪੁੱਜੇ। ਕਰੀਬ ਤਿੰਨ ਕਿਲੋਮੀਟਰ ਰੇਤਲੇ ਤੇ ਘਣੇ ਜੰਗਲੀ ਇਲਾਕੇ ਵਿੱਚੋਂ ਹੁੰਦੇ ਹੋਏ ਪੈਦਲ ਹੀ ਅਸੀਂ ਸਾਰੇ ਸਤਿਗੁਰੂ ਜੀ ਦੇ ਪਿੱਛੇ ਪਿੱਛੇ ਰੇਤ ਦੇ ਇੱਕ ਉਚੇ ਟਿੱਲੇ ਤੇ ਜਾ ਚੜੇ। ਇਹ ਟਿੱਲਾ ਮਾਨੋ ਆਸਮਾਨ ਨੂੰ ਛੂ ਰਿਹਾ ਸੀ। ਇੱਕ ਪਾਸੇ ਘਣਾਂ ਜੰਗਲ ਦੂਸਰੇ ਪਾਸੇ ਛਾਲਾਂ ਮਾਰਦਾ ਸਮੁੰਦਰ ਤੇ ਚਲਦੀ ਹੋਈ ਸੀਤ ਪੌਣ। ਹਜ਼ੂਰ ਦਾ ਇਸ਼ਾਰਾ ਸਮਝ ਨੌਜਵਾਨਾਂ ਨੇ ਜਲਦੀ ਹੀ ਨਾਲ ਲਿਆਂਦੀ ਵਿਛਾਈ ਨੂੰ ਸਿੱਧਾ ਕੀਤਾ। ਆਸਣ ਵਿਛਿਆ,ਸੇਵਕ ਆਸਾ ਸਿੰਘ ਹੋਰਾਂ ਨਿਤਨੇਮ ਦੀ ਅਰਦਾਸ ਕੀਤੀ ਤੇ ਅਸੀਂ ਸਾਰੇ ਸਤਿਗੁਰੂ ਜੀ ਦੇ ਚੌਗਿਰਦੇ ਬੈਠ ਨਾਮ ਸਿਮਰਨ ਕਰਨ ਲੱਗੇ। ਇੱਕ ਅਲੱਗ ਹੀ ਅਲੌਕਿਕ ਨਜ਼ਾਰਾ ਸੀ ਜਿਵੇਂ ਸੱਚਮੁੱਚ ਅਸੀਂ ਸਵਰਗ ਵਿੱਚ ਬੈਠੇ ਹਾਂ ਸ੍ਰੀ ਹਜ਼ੂਰ ਦਾ ਚੇਹਰਾ ਗੰਭੀਰ ਸੀ। ਸਿਰਫ ਆਕਾਸ਼ ਨਜ਼ਰ ਆ ਰਿਹਾ ਸੀ ਬਿਲਕੁਲ ਨੇੜੇ ਤੇ ਵੱਡਾ ਸਾਰਾ ਚੰਦਰਮਾਂ। ਅਰਦਾਸ ਹੋਣ ਸਾਰ ਹਨੇਰਾ ਹੋ ਗਿਆ ਸੀ ਪਰ ਚੰਦ ਦੀ ਚਾਨਣੀ ਨੇ ਘਣੇ ਜੰਗਲ ਵਿੱਚ ਵਾਪਸੀ ਗੱਡੀਆਂ ਤੱਕ ਆਉਂਦੇ ਸਾਡਾ ਰਾਹ ਰੁਸ਼ਨਾਈ ਰੱਖਿਆ। ਸ੍ਰੀ ਹਜ਼ੂਰ ਜਿੱਥੇ ਵੀ ਜਾਣ ਨਾਮ ਸਿਮਰਨ ਤੇ ਆਸਾ ਦੀ ਵਾਰ ਹਜ਼ੂਰ ਕਦੇ ਨਹੀਂ ਖੁੰਜਣ ਦੇਂਦੇ। ਸਤਿਗੁਰੂ ਜੀ ਨਾਲ ਰਹਿੰਦਿਆਂ ਸਹਿਜ ਸੁਭਾਓ ਹੀ ਇਹ ਸੱਭੋ ਕੁਝ ਸਿੱਖਣ ਨੂੰ ਮਿਲਦਾ ਹੈ। ਏਥੋਂ ਹੀ ਸਾਰੀ ਸੰਗਤ ਵਾਪਸ ਗੱਡੀਆਂ ਚ ਬੈਠ ਵਾਪਸ ਮੈਲਬੋਰਨ ਆ ਗਈ।

ਅਗਲੀ ਸਵੇਰ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਰਾਗੀ ਬਲਵੰਤ ਸਿੰਘ ਹੋਰਾਂ ਕੀਤਾ। ਢੋਲਕ

Sri Satguru Jagjit Singh Ji Elibrary NamdhariElibrary@gmail.com

ਛੈਣਿਆਂ ਨਾਲ ਮਸਤੀ ਦਾ ਇੱਕ ਅਲੱਗ ਹੀ ਆਲਮ ਬਣ ਜਾਂਦਾ ਹੈ। ਸ਼ਾਮ ਦੇ ਨਿਤਨੇਮ ਤੋਂ ਬਾਅਦ ਸਟੇਜ ਤੇ ਸਤਿਗੁਰੂ ਜੀ ਦਾ ਅਭਿਨੰਦਨ ਕਰਦਿਆਂ ਨੌਜਵਾਨ ਜੈ ਸਿੰਘ ਜੋ ਕਿ ਜਥੇਦਾਰ ਗਿਆਨ ਸਿੰਘ ਵੀਰੋਕੇ ਵਾਲਿਆਂ ਦਾ ਦੋਹਤਾ ਹੈ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਕਿਉਰਿਟੀ ਚ ਰਹੇ ਏ ਐਸ ਆਈ ਸਵ: ਬਲਵਿੰਦਰ ਸਿੰਘ ਦਾ ਬੇਟਾ ਹੈ ਨੇ ਬਹੁਤ ਸੋਹਣੇ ਸ਼ਬਦਾਂ ਵਿੱਚ ਸਟੇਜ ਦਾ ਸੰਚਾਲਨ ਕੀਤਾ।

ਸੰਮੇਲਨ: ਅੱਜ ਮੈਲਬੋਰਨ ਦੀ ਸੰਗਤ ਵੱਲੋਂ ਇੱਕ ਛੋਟਾ ਜਿਹਾ ਵਿਦਿਅਕ ਸੰਮੇਲਨ ਕਰਵਾਇਆ ਗਿਆ ਜਿਸ ਵਿੱਚ ਬਹੁਤ ਸਾਰੇ ਬੱਚਿਆਂ ਨੇ ਸਤਿਗੁਰੂ ਜੀ ਦੇ ਸਨਮੁੱਖ ਸ਼ਬਦ ਪੜੇ ਤੇ ਗੁਰਬਾਣੀ ਦਾ ਪਾਠ ਸੁਣਾਇਆ।

1- ਕਾਕਾ ਭਰਪੂਰ ਸਿੰਘ ਤੇ ਸਾਥੀਆਂ ਨੇ ਰਾਗ ਬਿਲਾਵਲ ਦੇ ਤਿੰਨ ਤਾਲ ਦੀ ਬੰਦਿਸ਼ "ਰੱਬ ਸਿਉਂ ਨੇਹੁ ਲਗਾਇਓ" ਗਾਇਆ।

2- ਤਨਵੀਰ ਕੌਰ ਨੇ ਰਾਗ ਬਾਗੇਸ਼ਵਰੀ ਏਕ ਤਾਲ ਵਿੱਚ ਬੰਦਿਸ਼ ਬਿਨਤੀ ਸੁਨਹੋ ਮੇਰੀ ਗਾ ਕੇ ਸੁਣਾਈ।

3- ਹਰਲੀਨ ਕੌਰ ਰਾਗ ਭੋਪਾਲੀ ਵਿੱਚ ਸ਼ਬਦ "ਹੇ ਗੋਬਿੰਦ ਹੇ ਗੋਪਾਲ" ਗਾਇਆ।

4- ਸੰਤ ਕੌਰ, ਸੁੱਖੋ ਕੌਰ ਨੇ ਬੰਦਿਸ਼

5- ਤਨਵੀਰ ਕੌਰ ਨੇ ਰਾਗ ਯਮਨ ਦੀ ਬੰਦਿਸ਼ ਪੀਆ ਕੀ ਨਜ਼ਰੀਆ ਗਾਈ।

6- ਅਮ੍ਰਿਤ ਕੌਰ ਭੁਰਜੀ ਨੇ ਰਾਗ ਖਮਾਜ ਵਿੱਚ ਇੱਕ ਬੰਦਿਸ਼ ਸੁਣਾਈ।

ਇਹਨਾਂ ਤੋਂ ਇਲਾਵਾ ਨਰਾਇਣ ਸਿੰਘ,ਅਰਸ਼ ਕੌਰ,ਦਵਿੰਦਰ ਕੌਰ,ਆਸਾ ਸਿੰਘ,ਭਰਪੂਰ ਸਿੰਘ,ਰਤਨ ਸਿੰਘ ਆਦਿ ਬੱਚਿਆਂ ਨੇ ਵੱਖੋ ਵੱਖਰੇ ਰਾਗਾਂ ਵਿੱਚ ਗੁਰਬਾਣੀ ਦੇ ਸ਼ਬਦ ਤੇ ਬੰਦਿਸ਼ਾਂ ਗਾਈਆਂ। ਇਹਨਾਂ ਵਿੱਚੋਂ ਬਹੁਤੇ ਬੱਚੇ ਅਵਤਾਰ ਕੌਰ ਲੁਧਿਆਣਾ ਦੇ ਸ਼ਾਗਿਰਦ ਹਨ ਜੋ ਕਿ ਆਨਲਾਈਨ ਸਿਖਲਾਈ ਲੈਂਦੇ ਹਨ। ਸ੍ਰੀ ਸਤਿਗੁਰੂ ਜੀ ਨੇ ਇਹਨਾਂ ਸਾਰੇ ਬੱਚਿਆਂ ਨੂੰ ਖੁਸ਼ੀਆਂ ਬਖਸ਼ੀਆਂ। ਬੀਬੀ ਨੀਤੂ ਜੋ ਕਿ ਅਨੂਪ ਸਿੰਘ ਹੋਰਾਂ ਦੇ ਘਰੋਂ ਹੈ ਤੇ ਪੰਡਤ ਜਸਰਾਜ ਜੀ ਦੀ ਸ਼ਾਗਿਰਦ ਹੈ ਬੀਬੀ ਦਿਲਪ੍ਰੀਤ ਨਾਲ ਮਿਲ ਕੇ ਸ੍ਰੀ ਹਜ਼ੂਰ ਦੇ ਸਾਹਵੇਂ ਦੋ ਸ਼ਬਦ ਪੜੇ। ਬਾਕੀ ਕੱਲ ਨੂੰ ਬੱਚਿਆਂ ਦਾ ਪ੍ਰੋਗਰਾਮ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਇਵੇਂ ਹੀ ਚੱਲੇਗਾ ਨਿਤਨੇਮ ਤੋਂ ਬਾਅਦ ਨਾਲੇ ਇਹਨਾਂ ਬੱਚਿਆਂ ਨੂੰ ਪੁਰਸਕਾਰ ਵੀ ਮਿਲਣੇ ਹਨ।

ਅਗਲੇ ਦਿਨ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਲੰਗਰ ਦੌਰਾਨ ਆਪ ਕਿਰਪਾ ਕਰਕੇ ਪ੍ਰਸ਼ਾਦ ਵਰਤਾਇਆ। ਸਾਧ ਸੰਗਤ ਆਸਟਰੇਲੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਆਈ ਸੀ। ਨੌਜਵਾਨਾਂ ਮੁਤਾਬਿਕ ਬਹੁਤ ਸਾਰੇ ਏਸੇ ਚੇਹਰੇ ਸਨ ਜੋ ਰਹਿੰਦੇ ਤਾਂ ਏਥੇ ਹੀ ਸਨ ਪਰ ਆਏ ਪਹਿਲੀ ਵਾਰ ਸਨ। ਇਹ ਸਤਿਗੁਰੂ ਜੀ ਦਾ ਹੀ ਪ੍ਰਤਾਪ ਸੀ ਕਿ ਸੋਅ ਸੁਣ ਸਿੱਖ ਉੱਡੇ ਆਉਂਦੇ ਹਨ। ਡੇਰੇ ਜਾ ਸਤਿਗੁਰੂ ਜੀ ਨੇ ਅੱਜ ਕੁਝ ਘਰਾਂ ਵਿੱਚ ਚਰਨ ਪਾਉਣ ਦੀ ਕ੍ਰਿਰਪਾ ਕੀਤੀ। ਸਤਿਗੁਰੂ ਜੀ ਵਿਸ਼ੇਸ਼ ਤੌਰ ਤੇ ਅੱਜ ਮੈਲਬੋਰਨ ਦੇ ਪਾਣੀ ਸਾਫ਼ ਕਰਨ ਵਾਲੇ ਪਲਾਂਟ ਦਾ ਦੌਰਾ ਕੀਤਾ ਤੇ ਵੇਖਿਆ ਕਿ ਉਹ ਕਿਵੇਂ ਸੀਵਰੇਜ ਆਦਿ ਦੇ ਪਾਣੀ ਦਾ ਟ੍ਰੀਟਮੈਂਟ ਕਰ ਉਸਨੂੰ ਤਿੰਨ ਭਾਗਾ ਵਿੱਚ ਬਦਲਦੇ ਹਨ। ਜ਼ਿਕਰਜੋਗ ਹੈ ਕਿ ਪਾਤਿਸ਼ਾਹ ਜੀ ਲੁਧਿਆਣੇ ਦੇ ਬੁੱਢੇ ਦਰਿਆ ਦੀ ਦਸ਼ਾ ਨੂੰ ਸੁਧਾਰਨ ਲਈ ਇੱਕ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਉਸ ਲਈ ਜੋ ਵੀ ਚੰਗੀ ਜਾਣਕਾਰੀ ਕਿਤੋਂ ਮਿਲਦੀ ਹੈ ਆਪ ਜੀ ਉਹ ਜਰੂਰ ਵੇਖਣ ਜਾਂਦੇ ਹੋ। ਆਪ ਜੀ ਆਪਣੇ ਭਾਰਤ ਨੂੰ ਵੀ ਸਾਫ ਸੁਥਰਾ ਵੇਖਣਾ ਚਾਹੁੰਦੇ ਹੋ।

ਸ਼ਾਮ ਦੇ ਨਿਤਨੇਮ ਦੌਰਾਨ ਸੰਤ ਨਿਸ਼ਾਨ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਦੇ ਜੀਵਨ ਤੇ ਕਥਾ ਕੀਤੀ। ਰਾਗੀਆਂ ਅੱਜ ਰਾਗ ਕਾਨ੍ਹੜੇ ਦੀ ਪੜਤਾਲ ਗਾਈ,ਸ਼ਬਦ ਸੀ "ਮਨ ਜਪਉ ਰਾਮ ਗੋਪਾਲ"। ਸਟੇਜ ਸੰਚਾਲਨ ਨੌਜਵਾਨ ਜੈ ਸਿੰਘ ਨੇ ਕੀਤਾ। ਸਤਵੰਤ ਕੌਰ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਕੀਤੇ ਉਪਕਾਰਾਂ ਬਾਰੇ ਆਪਣੇ ਸ਼ਬਦਾਂ ਵਿੱਚ ਚਾਨਣਾ ਪਾਇਆ। ਉਸ ਤੋਂ ਬਾਅਦ ਤਨਵੀਰ ਕੌਰ,ਸੁੱਖੋ ਕੌਰ,ਬੀਬੀ ਪ੍ਰਿਯਾ,ਨਰਾਇਣ ਸਿੰਘ,ਅਜੀਤ ਸਿੰਘ ਭੁਰਜੀ ਆਦਿ ਬੱਚਿਆਂ ਨੇ ਵੱਖੋ ਵੱਖਰੇ ਵਿਸ਼ਿਆ ਤੇ ਆਪਣੇ ਭਾਸ਼ਣ ਦਿੱਤੇ। ਸ੍ਰੀ ਸਤਿਗੁਰੂ ਜੀ ਵੱਲੋਂ ਕੱਲ ਵਾਲੇ ਤੇ ਅੱਜ ਵਾਲੇ ਸਾਰੇ ਬੱਚਿਆਂ ਨੂੰ ਇਨਾਮ ਦੇਣ ਦੀ ਕਿਰਪਾਲਤਾ ਕੀਤੀ ਗਈ। ਛੋਟੇ ਬੱਚਿਆਂ ਦੀਆਂ ਦੌੜਾ ਆਦਿ ਵੀ ਪ੍ਰਬੰਧਕਾਂ ਵੱਲੋਂ ਕਰਵਾਈਆਂ ਗਈਆਂ ਸਨ ਉਹਨਾਂ ਬੱਚਿਆਂ ਨੂੰ ਵੀ ਪਾਤਿਸ਼ਾਹ ਜੀ ਨੇ ਇਨਾਮ ਦਿੱਤੇ।

ਅਗਲੇ ਦਿਨ 18 ਮਈ ਨੂੰ ਆਸਾ ਦੀ ਵਾਰ ਤੋਂ ਉਪਰੰਤ ਸੁੱਖੋ ਕੌਰ ਤੇ ਸੋਹਣ ਕੌਰ ਸੂਬਾ ਸਤਿਨਾਮ ਸਿੰਘ ਜੀ ਦੀ ਸਪੁੱਤਰੀ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਪਰਉਪਕਾਰਾਂ ਬਾਰੇ ਚਾਨਣਾ ਪਾਇਆ। ਉਪਰੰਤ ਸਵਾਮੀ ਬਲਵੀਰ ਸਿੰਘ ਜੀ ਨੇ ਮਨ ਦੀਆਂ ਅਵਸਥਾਵਾਂ ਤੇ ਮਨ ਲਾਉਣ ਦੀਆਂ ਕਲਾਵਾਂ ਬਾਰੇ ਚਾਨਣਾ ਪਾਇਆ।

Sri Satguru Jagjit Singh Ji Elibrary NamdhariElibrary@gmail.com

ਜਗਜੀਤ ਮੰਦਰ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਧਰਮਸਾਲਾ ਦੀ ਨਵੀਂ ਬਣੀ ਇਮਾਰਤ ਦਾ ਨਾਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮ ਤੇ "ਜਗਜੀਤ ਮੰਦਰ" ਰੱਖਣ ਦੀ ਪ੍ਰਵਾਨਗੀ ਬਖਸ਼ੀ। ਸੰਗਤ ਵਿੱਚ ਜੈਕਾਰੇ ਬੁਲਾਏ ਗਏ। ਸਤਿਗੁਰੂ ਜੀ ਨੇ ਰਾਇਲ ਬੋਟਾਨਿਕਲ ਗਾਰਡਨ ਕਰੇਨਬਰਨ ਵਿੱਚ ਮੈਲਬੋਰਨ ਦੇ ਨੌਜਵਾਨਾਂ ਨੂੰ ਸੱਦਿਆ ਤੇ ਖੁਸ਼ੀਆਂ ਬਖਸ਼ੀਆਂ । ਆਪ ਜੀ ਨੇ ਸਾਰਿਆਂ ਨੂੰ ਰਲ ਮਿਲ ਕੇ ਸੇਵਾ ਕਰਨ ਲਈ ਹੁਕਮ ਕੀਤਾ। ਸ਼ਾਮ ਨੂੰ ਆਪ ਜੀ ਨੇ ਦੋ ਸੇਬਾਂ ਦੇ ਬੂਟੇ ਲਾਉਣ ਦੀ ਕਿਰਪਾਲਤਾ ਕੀਤੀ ਇੱਕ ਬੂਟਾ ਸ੍ਰੀ ਮਾਤਾ ਜੀ ਨੇ ਵੀ ਲਾਇਆ। ਆਪ ਜੀ ਨੇ ਕੋਲ ਖੜ ਕੇ ਬੱਚਿਆਂ ਦੀਆਂ ਦੌੜਾਂ ਕਰਵਾਈਆਂ ਤੇ ਉਹਨਾਂ ਦੀ ਹੌਂਸਲਾ ਅਫਜ਼ਾਈ ਕੀਤੀ। ਵਾਲੀਵਾਲ ਦਾ ਇੱਕ ਸ਼ੋਅ ਮੈਚ ਵੀ ਲਗਾਇਆ ਗਿਆ। ਨਿਤਨੇਮ ਦੌਰਾਨ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਵਾਰਤਾ ਕੀਤੀ। ਬੀਬੀ ਚੰਨਦੀਪ ਕੌਰ ਨੇ 24000 ਕਰਿਸਟਲ ਲੱਗੀ ਹੱਥੀਂ ਬਣਾਈ ਸਤਿਗੁਰੂ ਜਗਜੀਤ ਸਿੰਘ ਜੀ ਦੀ ਇੱਕ ਸੁੰਦਰ ਤਸਵੀਰ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀ। ਅੱਜ ਰਾਗੀ ਸਿੰਘਾਂ ਨੇ ਰਾਗ ਪਹਾੜੀ ਵਿੱਚ ਦੋ ਸ਼ਬਦ ਗਾਇਨ ਕੀਤੇ। ਕੁਝ ਵਿਸ਼ੇਸ਼ ਮਹਿਮਾਨਾ ਨੂੰ ਸ੍ਰੀ ਹਜ਼ੂਰ ਪਾਸੋਂ ਸਨਮਾਨਿਤ ਕਰਵਾਇਆ ਗਿਆ। ਸੇਵਕ ਆਸਾ ਸਿੰਘ ਹੋਰਾਂ ਸਮਾਪਤੀ ਦੀ ਅਰਦਾਸ ਕੀਤੀ। ਸਾਰੀ ਸੰਗਤ ਨੂੰ ਪੰਗਤਾਂ ਵਿੱਚ ਬੈਠਾ ਸਾਧ ਸੰਗਤ ਵੱਲੋਂ ਲੰਗਰ ਛਕਾਉਣ ਦੀ ਸੇਵਾ ਕੀਤੀ ਗਈ।

19 ਮਈ ਦੌਰੇ ਦਾ ਆਖੀਰਲਾ ਦਿਨ ਸੀ। ਅੰਮ੍ਰਿਤ ਵੇਲੇ ਤਾਪਮਾਨ ਕਾਫੀ ਘਟ ਹੋਣ ਕਾਰਨ ਬਾਹਰ ਸੀਤ ਹਵਾ ਚੱਲ ਰਹੀ ਸੀ ਪਰ ਸਾਧ ਸੰਗਤ ਨਾਲ ਜਗਜੀਤ ਮੰਦਰ ਦਾ ਹਾਲ ਗਚਾ ਗਚ ਭਰਿਆ ਪਿਆ ਸੀ। ਆਸਮਾਨ ਛੂੰਹਦੀ ਰਾਗੀ ਬਲਵੰਤ ਸਿੰਘ ਹੋਰਾਂ ਦੀ ਸੁਰੀਲੀ ਤੇ ਮਧੁਰ ਆਵਾਜ਼ ਵਿੱਚ ਆਸਾ ਦੀ ਵਾਰ ਦਾ ਮਨਮੋਹਕ ਕੀਰਤਨ ਹੋ ਰਿਹਾ ਸੀ। ਹਰ ਕੋਈ ਜੀਅ ਭਰਕੇ ਦਰਸ਼ਨ ਕਰ ਲੈਣਾ ਚਾਹੁੰਦਾ ਸੀ ਫਿਰ ਪਤਾ ਨਹੀਂ ਪਾਤਿਸ਼ਾਹ ਕਦੋਂ ਦਰਸ਼ਨ ਦੇਣੇ ਹਨ ਕਦੋਂ ਸਬੱਬ ਬਣਨਾ ਹੈ। ਅਰਦਾਸ ਉਪਰੰਤ ਸੂਬਾ ਹਰਭਜਨ ਸਿੰਘ ਸਿਡਨੀ ਵਾਲਿਆਂ ਨੇ ਸ੍ਰੀ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕੀਤਾ ਤੇ ਜਲਦੀ ਫੇਰ ਦਰਸ਼ਨ ਦੇਣ ਦੀ ਸਾਰੀ ਸੰਗਤ ਵੱਲੋਂ ਅਰਜ਼ੋਈ ਗੁਜ਼ਾਰੀ। ਸ੍ਰੀ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਉਪਦੇਸ਼ ਦੇਣ ਦੀ ਕਿਰਪਾ ਕਰਦਿਆਂ ਹੁਕਮ ਕੀਤਾ ਕਿ ਆਹ ਜੋ ਕੀਰਤਨ ਜੋ ਸੁਣਿਆ ਹੈ ਇਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਹੈ। ਏਨੇ ਦਿਨ ਤੁਸੀ ਏਥੇ ਨਾਮ ਜਪਿਆ ਕਥਾ ਕੀਰਤਨ ਸੁਣਿਆ, ਸੇਵਾ ਕੀਤੀ ਵੱਡੇ ਭਾਗ ਹਨ। ਇਸ ਜਗਾ ਦੀ ਸਹੀ ਵਰਤੋਂ ਇਹ ਹੈ ਕਿ ਤੁਸੀ ਏਥੇ ਬੈਠ ਕੀਰਤਨ ਕਰਿਆ ਕਰੋ, ਨਾਮ ਸਿਮਰਨ ਕਰਿਆ ਕਰੋ। ਜਿਨਾਂ ਨੌਜਵਾਨਾ ਨੇ ਕੋਈ ਗਲਤੀ ਕੀਤੀ ਹੈ ਸਿੱਖੀ ਸਰੂਪ ਨੂੰ ਢਾਹ ਲਾਈ ਹੈ ਉਹ ਹੁਣ ਸਹੀ ਰਾਸਤੇ ਤੇ ਆ ਜਾਣ। ਦੋ ਦਿਨ ਪਹਿਲੋਂ ਸਰਦਾਰ ਚਰਨਾਅਮ੍ਰਿਤ ਸਿੰਘ ਹੋਰਾਂ ਨੂੰ ਮਿਲੇ ਉਹਨਾਂ ਆਖਿਆ ਕਿ ਮੈ ਕਹਿਨਾ ਜਿਹੜਾ ਕਹਿੰਦਾ ਕਿ ਸਿੱਖੀ ਸਰੂਪ ਕਰਕੇ ਮੈਨੂੰ ਕੰਮ ਨਹੀਂ ਮਿਲਦਾ ਉਹ ਮੇਰੇ ਕੋਲ ਆ ਜਾਵੇ। ਸਿੱਖੀ ਬੜੀ ਉੱਚੀ ਜਵਿਨ ਜਾਚ ਹੈ। ਸੋ ਤਕੜੇ ਹੋਕੇ ਸਿੱਖੀ ਵਾਲੇ ਪਾਸੇ ਲੱਗੋ। ਜਿਨਾਂ ਸੇਵਾ ਕੀਤੀ ਹੈ ਵੱਡੇ ਭਾਗ ਹਨ"। ਅਖੀਰ ਮੇਲੇ ਦੀ ਸਮਾਪਤੀ ਹੋਈ ਸਾਧ ਸੰਗਤ ਸਤਿਗੁਰੂ ਜੀ ਦੇ ਚੌਗਿਰਦੇ ਖੜੋਤੀ ਅਰਜਾਂ ਗੁਜ਼ਾਰ ਰਹੀ ਸੀ। ਸਤਿਗੁਰੂ ਜੀ ਹਰ ਇਕ ਨੂੰ ਸਹਿਜਤਾ ਨਾਲ ਸੁਣਦੇ ਤੇ ਉਸ ਅਨੁਸਾਰ ਹੁਕਮ ਕਰਦੇ। ਅੱਜ ਜੇਠ ਦੀ ਸੰਗਰਾਂਦ ਸੀ ਸਤਿਗੁਰੂ ਜੀ ਲੰਗਰ ਦੀ ਸੇਵਾ ਕਰਨ ਵਾਲਿਆਂ ਨੂੰ ਜਾ ਨਿਵਾਜਿਆ ਤੇ ਕੜਾਹ ਪ੍ਰਸ਼ਾਦ ਨੂੰ ਭੋਗ ਲਾਉਣ ਦੀ ਕਿਰਪਾ ਵੀ ਲੰਗਰ ਹਾਲ ਵਿੱਚ ਹੀ ਕੀਤੀ। ਰਾਗੀ ਸਤਨਾਮ ਸਿੰਘ ਜਿਸਨੇ 2 ਮਹੀਨੇ ਰਹਿਣਾ ਸੀ ਦੀ ਵਿਸ਼ੇਸ਼ ਡਿਊਟੀ ਬੱਚਿਆਂ ਨੂੰ ਰਾਗ ਸਿਖਾਉਣ ਦੀ ਲਗਾਈ ਤੇ ਸੰਗਤ ਨੂੰ ਵੀ ਬੱਚਿਆਂ ਨੂੰ ਉਸ ਕੋਲ ਭੇਜਣ ਦਾ ਹੁਕਮ ਕੀਤਾ। ਅਖੀਰ ਡੇਰੇ ਜਾ ਪਾਤਿਸ਼ਾਹ ਜੀ ਪ੍ਰਸ਼ਾਦ ਪਾਣੀ ਛਕ ਕੁਝ ਬੱਚਿਆਂ ਦੇ ਦਸਤਾਰਾਂ ਸਜਾਈਆਂ ਤੇ ਰਾਹ ਵਿੱਚ ਤਿੰਨ ਘਰਾਂ ਵਿੱਚ ਚਰਨ ਪਾ ਏਅਰਪੋਰਟ ਪੁੱਜੇ। ਸਾਧ ਸੰਗਤ ਉਦਾਸ ਜਿਹੀ ਸੀ। ਕੁਝ ਨੌਜਵਾਨਾਂ ਦੀਆਂ ਤਾਂ ਅੱਖਾਂ ਛਲਕ ਰਹੀਆਂ ਸਨ। ਸਭ ਨੇ ਹੱਥ ਜੋੜ ਜਲਦੀ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ ਲਈ ਅਰਜ਼ ਕੀਤੀ। ਸਤਿਗੁਰੂ ਜੀ ਖੁਸ਼ੀਆਂ ਖੇੜੇ ਵੰਡਦੇ, ਨਾਮ, ਬਾਣੀ ਦਾ ਛਿੱਟਾ ਦੇਂਦੇ ਆਪਣੇ ਪਿਆਰੇ ਸਿੱਖਾਂ ਨੂੰ ਦੁਬਾਰਾ ਜਲਦੀ ਦਰਸ਼ਨ ਦੇਣ ਦਾ ਵਾਅਦਾ ਕਰ ਮੁੜ ਵਤਨਾਂ ਨੂੰ ਪਰਤ ਗਏ।

ਸੁਖਵਿੰਦਰ ਸਿੰਘ ਲਾਇਲ
9815377811

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦਾ 54ਵਾਂ ਅਤੇ ਇਸਤਰੀ ਵਿਦਿਅਕ ਜਥੇ ਦਾ 36ਵਾਂ ਵਾਰਸ਼ਿਕ ਸੰਮੇਲਨ (27 ਤੋਂ 30 ਜੂਨ 2019)

ਉਦਘਾਟਨੀ ਕਾਰਜਕ੍ਰਮ:- ਆਸਾ ਦੀ ਵਾਰ ਉਪਰੰਤ ਹਰਪਾਲ ਸਿੰਘ ਸੋਧੀ ਨੇ ਮੰਚ ਸੰਭਾਲ ਉਦਘਾਟਨੀ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ, ਉਪਰੰਤ ਸੁਖਵਿੰਦਰ ਸਿੰਘ ਲਾਇਲ ਅਤੇ ਡਾ. ਕਮਲਪ੍ਰੀਤ ਨੇ ਵਾਰਸ਼ਿਕ ਸਮੇਲਨ ਦੇ ਮਹੱਤਵ ਅਤੇ ਸਾਰੇ ਵਰਤਮਾਨ ਸਮੇਲਨ ਦੀ ਰੂਪ ਰੇਖਾ ਦੱਸੀ ਕੇਂਦਰੀ ਸੇਵਾਦਾਰਾ ਵਲੋਂ ਸਤਿਗੁਰੂ ਜੀ ਅਤੇ ਮਾਤਾ ਜੀ ਨੂੰ ਬੈਜ ਲਗਾਏ। ਸਤਿਗੁਰੂ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਨਮੋਹਕ ਤਸਵੀਰ ਭੇਟ ਕੀਤੀ, ਚੰਡੀਗੜ੍ਹ ਦੀ ਮੇਜਬਾਨ ਟੀਮ ਦੀ ਪ੍ਰਧਾਨਗੀ ਕਰਦੇ ਜ. ਬਲਵਿੰਦਰ ਸਿੰਘ ਹੁਰਾ ਸਤਿਗੁਰੂ ਜੀ ਪਾਸ ਸੁੰਦਰ ਫੋਲਡਰ ਭੇਟ ਕੀਤੇ ਜੋ ਕਿ ਕੇਂਦਰੀ ਕਮੇਟੀ ਦੇ ਸੇਵਾਦਾਰਾ ਲਈ ਤਿਆਰ ਕੀਤੇ ਗਏ ਸਨ ਅਤੇ ਸਤਿਗੁਰੂ ਜੀ ਨੇ ਹਸਤਕਵਲਾ ਦੁਆਰਾ ਉਹ ਫੋਲਡਰ ਸਾਰੇ ਸੇਵਾਦਾਰਾ ਨੂੰ ਬਖਸ਼ਿਸ਼ ਹੋਏ। ਉਪਰੰਤ ਸਾਧ ਸੰਗਤ ਨੇ ਲੰਗਰ ਛਕਿਆ।

ਪਹਿਲਾ ਸ਼ੈਸ਼ਨ:- ਠੀਕ 8:30 ਤੇ ਸਮੇਲਨ ਦੇ ਪਹਿਲੇ ਦਿਨ ਦਾ ਪਹਿਲਾ ਸ਼ੈਸ਼ਨ ਆਰੰਭ ਹੋਇਆ। ਜਿਸ ਵਿਚ ਕਰਵਾਈਆ ਗਈਆਂ ਪ੍ਰਤੀ ਯੋਗਿਤਾਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

ਭਾਸ਼ਨ ਪ੍ਰਤੀਯੋਗਤਾ ਜੂਨੀਅਰ ਕੁਲ 75 ਸਿਖੀਆਰਥੀ।

ਸ਼ੁਧ ਗੁਰਬਾਣੀ ਉਚਾਰਨ ਪ੍ਰਤੀਯੋਗਿਤਾ ਸੀਨੀਅਰ ਸਿਖੀਆਰਥੀ।

ਫੋਟੋ ਗ੍ਰਾਫੀ ਮੁਕਬਲਾ।

1:30 ਵਜੇ ਤੋਂ 2:30 ਤੱਕ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਹੋਇਆ। ਉਪਰੰਤ ਕਪੂਰਥਲਾ ਦੇ ਜਥੇ ਨੇ ਕੀਰਤਨ ਕੀਤਾ ਉਪਰੰਤ ਲੰਗਰ ਅਤੇ ਅਰਾਮ।

ਸ਼ਾਮ ਸਾ ਸ਼ੈਸ਼ਨ:- ਇਸ ਸ਼ੈਸ਼ਨ ਵਿਚ ਦਸਤਾਰ ਪ੍ਰਤੀਯੋਗਿਤਾ, ਸੀਨੀਅਰ ਕਰੋਸ਼ੀਆ ਪ੍ਰਤੀਯੋਗਿਤਾ, ਲਿਖਤੀ ਇਤੀਹਾਸਕ ਪ੍ਰਤੀਯੋਗਿਤਾ, ਦੀਵਾਨ ਪ੍ਰਤੀਯੋਗਿਤਾ ਜੂਨੀਅਰ ਲੜਕੇ, ਪੋਸਟਰ ਮੇਕਿੰਗ ਪ੍ਰਤੀਯੋਗਤਾ ਕਰਵਾਈ ਗਈ ਜਿਸਦਾ ਵਿਸ਼ਾ ਸੀ ਸਵੱਛ ਭਾਰਤ, ਸਿਖੀਆਰਥੀਆਂ ਨੇ ਬਹੁਤ ਹੀ ਅਕਰਸ਼ਕ ਪੋਸਟਰ ਬਣਾ ਕੇ ਸਵੱਛਤਾ ਦਾ ਸੰਦੇਸ਼ ਦਿੱਤਾ। ਉਪਰੰਤ ਬਾਹਰ ਗਰਾਉਂਡ 'ਚ ਖੇਡਾ ਕਰਵਾਈਆ ਗਈਆ। ਜੂਨੀਅਰ ਗਰੁਪ ਦੀਆਂ ਦੌੜਾ, ਬੋਰੀ ਰੇਸ ਅਤੇ ਸ੍ਰੀ ਭੈਣੀ ਸਾਹਿਬ A ਟੀਮ ਦਾ ਫੁਟਬਾਲ ਦਾ ਮੁਕਾਬਲਾ ਰਾਮਪੁਰਾ ਫੂਲ ਨਾਲ ਅਤੇ ਸ੍ਰੀ ਭੈਣੀ ਸਾਹਿਬ B ਟੀਮ ਦਾ ਮੁਕਾਬਲਾ ਦਿੱਲੀ ਦੀ ਟੀਮ ਨਾਲ ਕਰਵਾਇਆ ਗਿਆ। ਸੂਰਜ ਦੇਵ ਦੇ ਅਸਤ ਹੋਣ ਸਾਰ ਅੱਜ ਦੇ ਸੈਸ਼ਨ ਸਮਾਪਤ ਹੋਏ।

ਮਿਤੀ 28 ਜੁਲਾਈ 2019 ਹਰੀ ਮੰਦਰ, ਆਸਾ ਦੀ ਵਾਰ ਦੇ ਕੀਰਤਨ ਉਪਰੰਤ, ਕੱਲ ਦੇ ਮੁਕਾਬਲਿਆ ਦੇ ਜੈਤੂਆ ਨੂੰ ਸ੍ਰੀ ਹਾਜ਼ੂਰ ਜੀ ਦੇ ਹਸਤ ਕਵਲਾਂ ਦੁਆਰਾ ਇਨਾਮ ਪ੍ਰਾਪਤ ਹੋਏ। ਅਰਦਾਸ ਉਪਰੰਤ ਧਿਆਨ ਸਿੰਘ ਮੁਕਤਾ, ਬਲਵਿੰਦਰ ਸਿੰਘ ਮੁਕਤਾ ਅਤੇ ਗੁਰਮੀਤ ਸਿੰਘ ਚਾਨਾ ਆਦਿ ਨੇ ਲੜਕਿਆਂ ਦੀ ਰੋਪ ਸਕਿਪਿੰਗ ਮੁਕਾਬਲਾ ਕਰਵਾਇਆ ਅਤੇ ਬੀਬੀ ਜਯੋਤਸਨਾ, ਡਾ. ਕਮਲ ਪ੍ਰੀਤ, ਬੀਬੀ ਰਤਨ ਆਦਿ ਨੇ ਲੜਕੀਆਂ ਦਾ ਰੋਪ ਸਕੀਪਿੰਗ ਮੁਕਾਬਲਾ ਕਰਵਾਇਆ। ਜਿਸ ਨੂੰ ਮਾਤਾ ਗੁਰਸ਼ਰਨ ਕੌਰ ਜੀ ਨੇ ਹਾਜ਼ਰੀ ਦੇ ਰੋਚਕ ਬਣਾ ਦਿੱਤਾ। ਇਹ ਮੁਕਾਬਲੇ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਪਹਿਲੀ ਵਾਰ ਸਮੇਲਨ ਵਿਚ ਸ਼ਾਮਲ ਕੀਤੇ ਗਏ। 30 ਸੈਕਿੰਡ ਦੇ ਸਮੇਂ ਵਿਚ ਪੁਰਸ਼ਾ ਵਲੋਂ ਸਭ ਤੋਂ ਜਿਆਦਾ 135 ਸਟੈਪ ਟੱਪੇ ਗਏ ਅਤੇ ਬੀਬੀਆਂ ਵਲੋਂ 95 ਸਟੈਪ। ਸਤਿਗੁਰੂ ਉਦੇ ਸਿੰਘ ਜੀ ਨੇ ਸਾਇਕਲ ਸਵਾਰ ਨੌਜਵਾਨਾ ਨੂੰ ਦਰਸ਼ਨ ਦੇ ਆਗਿਆ ਬਖਸ਼ ਕੇ ਸਾਈਕਲ ਮੁਕਾਬਲੇ ਦੇ ਨੀਲੋ ਨਹਿਰ ਵਾਲੀ ਸੜਕ ਦੇ ਸਟਾਟਿੰਗ ਪੁਆਈਂਟ ਵਲੋਂ ਰਵਾਨਾ ਕੀਤਾ। 10 ਕਿਲੋਮੀਟਰ ਸਾਇਕਲ ਰੇਸ ਵੀ ਪਹਿਲੀ ਵਾਰ ਸਮੇਲਨ ਦਾ ਹਿੱਸਾ ਬਣੀ। ਜਿਸ ਨੂੰ ਸਫਲ ਬਨਾਉਣ ਲਈ ਸ੍ਰੀ ਹਾਜ਼ੂਰ ਨੂੰ ਆਪ ਹੁਕਮ ਕਰ ਗੁਰਦੁਆਰੇ ਦੀਆਂ ਦੋ ਜਿਪਸੀਆ ਸਾਇਕਲ ਸਵਾਰਾਂ ਦੇ ਅੱਗੇ ਪਿਛੇ ਰਹਿਣ ਲਈ ਤੋਰੀਆ। ਡਾ. ਪੁਸਪਿੰਦਰ ਕੂਕਾ, **ਪ੍ਰਧਾਨ ਗੁਰਦੇਵ ਸਿੰਘ ਚੀਮਾ** ਦੀਆਂ ਅਤੇ ਹਰਪਾਲ ਸਿੰਘ

Sri Satguru Jagjit Singh Ji Elibrary NamdhariElibrary@gmail.com

ਸੋਧੀ ਦੇ ਹਰੀ ਝੰਡੀ ਵਖਾਉਣ ਬਾਅਦ 50 ਤੋਂ ਵੱਧ ਸਵਾਰਾਂ ਨੇ ਰੇਸ ਵਿਚ ਹਿੱਸਾ ਲਿਆ। ਮੁਕਾਬਲੇ ਦੇ ਨਤੀਜੇ ਅਖੀਰ 'ਚ ਲਿਖੇ ਗਏ ਹਨ। ਅਰਾਮ ਅਤੇ ਲੰਗਰ ਉਪਰੰਤ ਅਗਲਾ ਸੈਸ਼ਨ ਆਰੰਭ ਹੋਇਆ।

ਪਹਿਲਾ ਸੈਸ਼ਨ:- ਭਾਸ਼ਨ ਮੁਕਾਬਲਾ ਸੀਨੀਅਰ ਜਿਸ ਦੇ ਵਿਚ ਗੁਰਮੁੱਖ ਸਿੰਘ ਰਹਿਬਰ, ਸੂਬਾ ਖਰਲ ਜੀ ਨੇ ਜ਼ਜਮੈਂਟ ਕੀਤੀ ਨਾਲ ਹੀ ਗੁਰਲਾਲ ਸਿੰਘ ਅਤੇ ਭਜਨ ਸਿੰਘ ਹੁਰਾ ਦੁਆਰਾ ਭਾਸ਼ਕ, ਭਾਸ਼ਨ ਬੋਲਣ ਬਾਅਦ ਬੁਲਾਰੇ ਤੋਂ ਉਸਦੇ ਵਿਸ਼ੇ ਸੰਬੰਧੀ ਸੁਵਾਲ ਕੀਤੇ ਜਾਂਦੇ। ਉਸਦੇ ਨੰਬਰ ਅਲੱਗ ਦਿਤੇ ਗਏ। ਇਸ ਤਰ੍ਹਾਂ ਇਹ ਮੁਕਾਬਲਾ ਹੋਰ ਰੋਚਕ ਹੋ ਗਿਆ। ਇਸ ਦੇ ਇਲਾਵਾ ਇਸ ਸੈਸ਼ਨ ਵਿੱਚ ਹੇਠ ਲਿਖੇ ਮੁਕਾਬਲੇ ਕਰਵਾਏ ਗਏ।

ਸੁੰਦਰ ਲਿਖਾਈ ਮੁਕਾਬਲਾ ਜੂਨੀਅਰ, ਚਿਤਰਕਾਰੀ ਜੂਨੀਅਰ, ਦਸਤਾਰ ਪ੍ਰਤੀਯੋਗਤਾ ਜੂਨੀਅਰ, ਇਤਿਹਾਸ ਦੀ ਲਿਖਤੀ ਪ੍ਰਤੀਯੋਗਤਾ ਜੂਨੀਅਰ, ਸਵਾਲ ਜਵਾਬ ਸੀਨੀਅਰ।

2 ਤੋਂ 3 ਨਾਮ ਸਿਮਰਨ ਉਪਰੰਤ ਰਾਗੀ ਸਿੰਘਾਂ ਨੇ ਕੀਰਤਨ ਕੀਤਾ।

ਸ਼ਾਮ ਦੇ ਸੈਸ਼ਨ ਵਿਚ ਸੀਨੀਅਰ ਲੜਕਿਆਂ ਦੇ ਦੀਵਾਨ ਮੁਕਾਬਲੇ ਹੋਏ। ਜਿਸ ਦੀ ਜਜਮੈਂਟ ਜ. ਨਿਸ਼ਾਨ ਸਿੰਘ (ਦਿੱਲੀ) ਨੇ ਕੀਤੀ।

ਸ਼ਾਮ ਦੀ ਰੋਚਕਤਾ:- ਅੱਜ ਫੁਟਬਾਲ ਚ ਸ੍ਰੀ ਭੈਣੀ ਸਾਹਿਬ (ਸ਼ਿਵ) ਟੀਮ ਦਾ ਮੁਕਾਬਲਾ (ਹੈਪੀ) ਟੀਮ ਨਾਲ ਅਤੇ D ਟੀਮ ਦਾ ਮੁਕਾਬਲਾ ਦਿੱਲੀ ਨਾਲ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਯਾਦਗਾਰੀ ਬੈਡਮਿੰਟ ਹਾਲ ਵਿਚ ਜੁਨੀਅਰ ਲੜਕੇ, ਲੜਕੀਆਂ ਦੇ ਬੈਡਮਿੰਟ ਮੁਕਾਬਲੇ ਹੋਏ। ਲਾਈਵ ਕੂਕਿੰਗ, ਪਿਛਲੇ ਵਿਦਿਅਕ ਸਮੇਲਨ ਤੋਂ ਇਕ ਬਹੁਤ ਹੀ ਰੋਚਕ ਮੁਕਾਬਲਾ ਸਮੇਲਨਾ ਦਾ ਆਕਸ਼ਕ ਬਣਿਆ ਹੈ ਉਹ ਹੈ ਲਾਈਵ ਕੂਕਿੰਗ ਮੁਕਾਬਲਾ। ਅੱਜ ਵੀ ਸ਼ਾਮ ਹੋਣ ਵਾਲੇ ਇਹ ਮੁਕਾਬਲੇ ਦੀ ਤਿਆਰੀ ਲਈ ਲੁਧਿਆਣੇ ਦੇ ਨੌਜੁਆਨਾ ਨੇ ਇਸ ਮੁਕਾਬਲੇ ਲਈ ਲੋੜੀਦੇ ਪ੍ਰਬੰਧ ਕੀਤੇ ਗੈਸ, ਚੁਲੇ, ਓਵਨ, ਫਰਿੱਜ, ਬਰਤਨ ਆਦਿ ਕਿਉਂਕਿ ਵਿਸ਼ਾ ਕੇਕ ਐਂਡ ਬੇਕ ਸੀ ਨਾਲ ਕੋਈ Healthy Food ਜਿਸ ਨੂੰ ਪ੍ਰੀਤ ਆਦਿ ਨੌਜੁਆਨਾ ਨੇ ਸੁਖਵਿੰਦਰ ਲਾਇਲ ਦੀ ਮਦਦ ਨਾਲ ਪ੍ਰਤੀਯੋਗਤਾ ਆਰੰਭ ਹੋਣ ਤੋਂ ਪਹਿਲਾ ਪੂਰਾ ਕਰ ਲਿਆ। ਸੀਨੀਅਰ ਲੜਕੀਆਂ ਨੇ ਵੰਨ ਸੁਵੰਨੇ ਪਦਾਰਥ ਤਿਆਰ ਕੀਤੇ। ਇਸ ਨਾਲ ਹੀ ਜੂਨੀਅਰ ਬੱਚਿਆ ਨੇ ਸਲਾਦ ਕਟੀਂਗ ਅਤੇ ਸਜਾਵਟ ਪ੍ਰਤੀਯੋਗਤਾ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਮੁਕਾਬਲੇ ਦੀ ਜਜਮੈਂਟ ਮਾਤਾ ਗੁਰਸ਼ਰਨ ਕੌਰ ਜੀ ਨੇ ਕੀਤੀ ਅਤੇ ਸਤਿਗੁਰੂ ਜੀ ਉਚੇਚੇ ਤੌਰ ਤੇ ਸਿਖਿਆਰਥੀਆਂ ਕੋਲ ਜਾ ਉਨ੍ਹਾਂ ਦੁਆਰਾ ਬਣਾਏ ਪਦਾਰਥਾਂ ਦਾ ਵੇਰਵਾ ਲਿਆ।

ਮਿਤੀ 29 ਜੂਨ 2019 ਆਸਾ ਦੀ ਵਾਰ ਦੇ ਕੀਰਤਨ ਤੋਂ ਉਪਰੰਤ ਹਰਪਾਲ ਸਿੰਘ ਸੋਧੀ ਨੇ ਬਾਕੀ ਕੇਂਦਰੀ ਟੀਮ ਨੂੰ ਨਾਲ ਲੈ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮਧਾਰੀ ਦਰਪਨ ਦਾ 2018-2019 ਅੰਕ ਪੇਸ਼ ਕੀਤਾ। ਜਿਸ ਦਾ ਸਤਿਗੁਰੂ ਜੀ ਨੇ ਲੋਕ ਅਰਪਨ ਕੀਤਾ। ਹਰਪਾਲ ਸਿੰਘ ਨੇ ਨਾਮਧਾਰੀ ਦਰਪਨ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਹ ਮੈਗਜਿਨ ਭਵਿੱਖ ਚ ਨਾਮਧਾਰੀ ਨੌਜੁਵਾਨਾ ਨੂੰ ਲਿਖਨ ਦਾ ਇਕ ਪਲੇਟ ਫਾਰਮ ਬਣੇਗੀ।

ਆਸਾ ਦੀ ਵਾਰ ਉਪਰੰਤ ਲੁਧਿਆਣਾ ਆਦਿ ਜਥਿਆ ਨੂੰ ਹਵਨ ਕੀਤੇ, ਕੜਾਹ ਪ੍ਰਸ਼ਾਦ ਦੀ ਪ੍ਰਤੀਯੋਗਤਾ ਵਿਚ 6 ਟੀਮਾ ਨੇ ਸੁੱਚ ਸੋਧ ਦੇ ਧਾਰਨੀ ਹੋਕੇ ਨਾਮਧਾਰੀ ਮਰਿਯਾਦਾ ਅਨੁਸਾਰ ਕੜਾਹ ਪ੍ਰਸ਼ਾਦ ਤਿਆਰ ਕੀਤਾ ਜਿਸ ਦੀ ਜਜਮੈਂਟ ਰਾਗੀ ਸ਼ਾਮ ਸਿੰਘ ਦੀ ਟੀਮ ਨੇ ਕੀਤੀ।

ਸਰੋਵਰ ਦੇ ਕੰਢੇ ਬੀਬੀਆਂ ਵਲੋਂ ਸੁੰਦਰ ਅਤੇ ਮਨਮੋਹਕ ਰੰਗੋਲੀਆਂ ਬਨਾਈਆਂ ਗਈਆਂ। ਇਸ ਪ੍ਰਤੀਯੋਗਤਾ ਦੀ ਜਜਮੈਂਟ ਵੀ ਮਾਤਾ ਜੀ ਨੇ ਕੀਤੀ।

ਸਵੇਰ ਦੇ ਸੈਸ਼ਨ ਵਿਚ ਜੋ ਪ੍ਰਤੀਯੋਗਤਾਵਾਂ ਹੋਈਆ ਗੁਰਬਾਣੀ ਸੀਨੀਅਰ, ਇਹ ਮੁਕਾਬਲਾ ਬੜਾ ਰੋਚਕ ਰਿਹਾ। ਸ਼ੁੱਧ ਗੁਰਬਾਣੀ ਵਿਸ਼ੇਸ ਵਰਗ, ਭਾਸ਼ਨ ਪ੍ਰਤੀਯੋਗਤਾ ਵਿਸ਼ੇਸ਼ ਵਰਗ ਜਿਸ ਦੇ ਵਿਸ਼ੇ ਪ੍ਰਤੀਯੋਗੀਆਂ ਨੂੰ ਇਕ ਘੰਟਾ ਪਹਿਲਾਂ ਹੀ ਦਿੱਤੇ ਗਏ ਸਨ। ਇਸ ਦੀ ਜਜਮੈਂਟ ਹਰਪਾਲ ਸਿੰਘ ਸੇਵਕ ਅਤੇ ਅਜੀਤ ਸਿੰਘ ਨਾਮਧਾਰੀ ਨੇ ਕੀਤੀ। ਸੀਨੀਅਰ ਲੜਕੀਆਂ ਦੀ ਕਟਾਈ ਅਤੇ ਸੀਲਾਈ ਪ੍ਰਤੀਯੋਗਿਤਾ ਸੂਬਾ ਹਰਭਜਨ ਸਿੰਘ ਜੀ ਦੀ ਕੁਹਾੜਾ ਸਥਿਤ ਫੈਕਟਰੀ ਵਿਚ ਕਰਵਾਈ ਗਈ। ਮਾਲਾ ਸਿਖਲਾਈ ਪ੍ਰਤੀਯੋਗਿਤਾ ਤੋਂ ਬਾਅਦ ਨਾਮ ਸਿਮਰਨ ਅਤੇ ਕੀਰਤਨ ਰਾਗੀ ਸਿੰਘਾਂ ਨੇ ਕੀਤਾ। ਮਿਤੀ 30 ਸ਼ਾਮ ਦੇ ਸੈਸ਼ਨ ਵਿਚ ਬੜਾ ਹੀ ਰੋਚਕ ਕਵੀਸ਼ਰੀ ਮੁਕਾਬਲਾ ਹੋਇਆ ਜਿਸ ਵਿਚ ਇਕ ਪ੍ਰਸੰਗ ਅਤੇ ਇਕ ਕਵਿਤਾ ਗਾਈ ਜਾਂਦੀ ਸੀ। ਇਸ ਦੀ ਜਜਮੈਂਟ ਭਜਨ ਸਿੰਘ, ਗੁਰਲਾਲ ਸਿੰਘ ਦੇ ਨਾਲ ਸ. ਗੁਰਭੇਜ ਸਿੰਘ ਗੁਰਾਇਆ ਸਕੱਤਰ ਪੰਜਾਬੀ ਅਕਾਦਮੀ ਦਿੱਲੀ ਨੇ ਕੀਤੀ। ਉਪਰੰਤ ਖੇਡਾਂ ਅਤੇ ਸੰਗੀਤ ਦੇ ਮੁਕਾਬਲੇ ਹੋਏ।

ਹਰਪਾਲ ਸਿੰਘ ਸੋਧੀ

....

ਪ੍ਰੋ: ਕਿਰਪਾਲ ਸਿੰਘ ਕਸੇਲ ਦੀ ਯਾਦ ਵਿਚ ਮੇਲਾ

9 ਜੂਨ 2019 ਸ੍ਰੀ ਭੈਣੀ ਸਾਹਿਬ

ਪ੍ਰਾਣੀ ਕਿਆ ਮੇਰਾ ਕਿਆ ਤੇਰਾ
ਜੈਸਾ ਭਰਵਰ ਪੰਖ ਬਿਸੇਰਾ॥

ਇਹ ਗੁਰਬਾਣੀ ਦਾ ਫੈਸਲਾ ਹੈ ਇਸ ਸੰਸਾਰ ਵਿਚ ਜੋ ਵੀ ਪ੍ਰਾਣੀ ਆਇਆ ਹੈ ਉਸਨੇ ਜਾਣਾ ਹੀ ਹੈ। ਪਰ ਕੁਝ ਰੂਹਾਂ ਐਸੀਆਂ ਹੁੰਦੀਆਂ ਹਨ, ਜਿਹੜੀਆਂ ਸੰਸਾਰ ਵਾਸਤੇ, ਆਪਣੇ ਸਮਾਜ ਜਾਂ ਆਪਣੀ ਮਾਂ ਬੋਲੀ ਵਾਸਤੇ ਕੁਝ ਕਰਕੇ ਜਾਂਦੀਆਂ ਹਨ। ਉਹਨਾਂ ਰੂਹਾਂ ਵਿਚੋਂ ਪ੍ਰੋ: ਕਿਰਪਾਲ ਸਿੰਘ ਕਸੇਲ ਜੀ ਸਨ ਜਿਹਨਾ ਨੇ ਆਪਣੀ ਮਾਂ ਬੋਲੀ ਪੰਜਾਬੀ-ਪੰਜਾਬੀ ਸਾਹਿਤਕਾਰ ਵਾਰਤਾਕਾਰ ਵਿਚ ਆਪਣਾ ਇਕ ਅਹਿਮ ਯੋਗਦਾਨ ਦਿੱਤਾ। ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ। ਉਹਨਾਂ ਨੇ ਅਨੇਕਾਂ ਪੁਸਤਕਾਂ ਲਿਖੀਆ। ਨੇਤਰਹੀਨ ਹੋਣ ਦੇ ਬਾਵਜੂਦ ਉਹਨਾਂ ਦੀ ਪੰਜਾਬੀ ਪੁਸਤਕਾਂ ਲਿਖਣ ਦੀ ਕਾਰਜ ਕੁਸ਼ਲਤਾ, ਅਣਥੱਕ ਮਿਹਨਤ ਲਗਨ ਪਿਆਰ ਸੀ। ਉਸ ਮਹਾਨ ਪੰਜਾਬੀ ਸਾਹਿਤਕਾਰ ਦੀ ਯਾਦ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਯਾਦ ਵਿਚ ਮੇਲਾ ਕੀਤਾ ਗਿਆ ਜਿਸ ਵਿਚ ਵੱਖ-ਵੱਖ ਲੇਖਕਾਂ ਬੁਧੀ ਜੀਵੀਆਂ ਨੇ ਉਹਨਾਂ ਨੂੰ ਸਰਧਾਜ਼ਲੀ ਦਿੱਤੀ।

ਸੰਨ 1934 ਵਿਚ ਨੇਤਰਹੀਨ ਹੋਣ ਤੋਂ ਬਾਦ ਉਹਨਾਂ ਨੇ 60 ਤੋਂ ਉੱਤੇ ਕਿਤਾਬਾਂ ਲਿਖੀਆ। ਉਹਨਾਂ ਨੇ ਸਾਹਿਤ ਬਾਰੇ ਬਹੁਤ ਕੁਝ ਲਿਖਿਆ। ਪ੍ਰੋ: ਪੂਰਨ ਸਿੰਘ ਪੰਜਾਬ ਦਾ ਅਲਬੇਲਾ ਸਾਹਿਤਕਾਰ ਸੀ। ਉਹ ਬਹੁਤ ਗਹਿਰ ਗੰਭੀਰ ਤੇ ਗੁਰੂ ਦਾ ਸਿੱਖ ਸੀ। ਕਸੇਲ ਜੀ ਨੂੰ ਪੂਰਨ ਸਿੰਘ ਹੋਰਾਂ ਦੇ ਬਰਾਬਰੀ ਤੇ ਲਿਆ ਕੇ ਖੜਾ ਕਰ ਦਿੰਦਾ ਹੈ। ਵੱਖ-ਵੱਖ ਵਿਦਵਾਨਾਂ ਵਲੋਂ ਕਸੇਲ ਜੀ ਨੂੰ ਦਿੱਤੀਆਂ ਪਿਆਰ ਭਰੀਆਂ ਸ਼ਬਦਾਂ ਦੀਆਂ ਪਟਾਰੀਆਂ ਇਸ ਤਰ੍ਹਾਂ ਹਨ-

ਸ: ਸੁਵਰਨ ਸਿੰਘ ਵਿਰਕ- ਵਿਰਕ ਜੀ ਨੇ ਆਖਿਆ ਕਿ ਉਹ ਪੰਜਾਬੀ ਮਾਂ ਬੋਲੀ ਦਾ ਮਹਾਨ ਸਪੂਤ ਸੀ। ਉਹਨਾਂ ਦੇ ਜੀਵਨ ਦਾ ਢੰਗ ਬਹੁਤ ਹੀ ਵਧੀਆ ਸੀ। ਉਹ ਗਦਰ ਲਹਿਰ ਵਿਚੋਂ ਸਨ। ਬਚਪਨ ਤੋਂ ਹੀ ਗਦਰੀ ਬਾਬਿਆ ਦਾ ਮੋਢਿਆਂ ਤੇ ਹੱਥ ਸੀ। ਉਹਨਾਂ ਨੂੰ ਵਿਦਿਆਰਥੀ ਜੀਵਨ ਵਿਚ ਹੀ ਗ੍ਰਿਫਤਾਰ ਕਰ ਲਿਆ ਸੀ। ਉਹਨਾਂ ਨੇ 24 ਜੂਨ 2017 ਨੂੰ ਤਿੰਨੇ ਪੁਸਤਕਾਂ ਸਤਿਗੁਰੂ ਉਦੇ ਸਿੰਘ ਜੀ ਨੂੰ ਭੇਟ ਕੀਤੀਆਂ ਇਹਨਾਂ ਕਿਤਾਬਾਂ ਵਿਚ ਪੰਜਾਬ, ਪੰਜਾਬੀ ਭਾਸ਼ਾ ਦਾ ਇਤਿਹਾਸ ਚਲਦਾ ਹੈ।

ਡਾ: ਕੁਲਦੀਪ ਸਿੰਘ ਧੀਰ- ਨੇ ਆਖਿਆ ਕਸੇਲ ਦੀ ਸਮਾਜ ਨੂੰ ਬਹੁਤ ਦੇਣ ਹੈ। ਨਾਮਧਾਰੀ ਦਰਬਾਰ ਨੇ ਪੰਜਾਬੀ ਲੇਖਕਾਂ ਦੀ ਹਮੇਸ਼ਾਂ ਬਾਂਹ ਫੜੀ ਹੈ। ਮਾਣ ਸਨਮਾਨ ਦਿੱਤਾ ਹੈ। ਇਹੋ ਜਿਹੇ ਸੱਜਣਾਂ ਦੀ ਬਾਂਹ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਫੜੀ ਹੈ। ਅੱਜ ਦੀ ਦੁਨੀਆਂ ਵਿਚ ਇਹ ਵਿਚਾਰਧਾਰਾ ਹੈ ਕਿ ਕਿਸੇ ਦੂਜੇ ਲਈ ਸਟੇਜ ਛੱਡੀ ਜਾਵੇ।

ਸੰਤ ਨਿਸ਼ਾਨ ਸਿੰਘ ਕਥਾਵਾਚਕ- ਨੇ ਆਖਿਆ ਕਿ ਕਸੇਲ ਜੀ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਜੀ ਸਨ। ਉਹਨਾਂ ਨੇ ਆਪਣੀ ਜਿੰਦਗੀ ਵਿੱਚ ਕਮਾਈ ਕੀਤੀ। ਉਹਨਾਂ ਨੇ ਮਾਂ ਬੋਲੀ ਦੀ ਜੀਅ ਭਰਕੇ ਸੇਵਾ ਕੀਤੀ ਉਹ ਸਕਾਰਤਾ ਸੋਚ ਵਾਲੇ ਵਿਅਕਤੀ ਸਨ। ਉਹਨਾਂ ਦੀ ਜਿੰਦਗੀ ਵਿਚ ਖਲਾਅ ਨਹੀਂ ਸੀ। ਅਸੀ ਉਹਨਾਂ ਦੀ ਜਿੰਦਗੀ ਦਾ ਅਨੰਦ ਮਾਣਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਦਾ ਆਦਰ ਮਾਣ ਕੀਤਾ।

ਰਾਮ ਸਰੂਪ ਰਿਖੀ ਭਦੌੜ- ਨੇ ਆਖਿਆ ਮੇਰੀ ਸਾਰੀ ਦੀ ਸਾਰੀ ਸ਼ਰਧਾ ਪੰਜਾਬੀ ਗੁਰਮੁਖੀ ਅੱਖਰਾਂ ਨੂੰ ਲਿਆਉਣ ਵਾਲੇ ਕਸੇਲ ਜੀ ਪ੍ਰਤੀ ਹੈ। ਇਹ ਸਾਨੂੰ ਸਿਖਾਉਣ ਵਾਲੇ ਕਸੇਲ ਜੀ ਹਨ। ਉਸ ਮਹਾਨ ਵਿਅਕਤੀ ਦੀ ਯਾਦ ਵਿਚ ਕੁਝ ਕਹਿਣ ਦਾ ਮੌਕਾ ਮਿਲਿਆ ਹੈ। ਮੇਰਾ ਸੁਭਾਗ ਹੈ।

ਕਵੀਸ਼ਰ ਗੁਰਸੇਵਕ ਸਿੰਘ ਢਿਲੋਂ- ਨੇ ਆਖਿਆ ਕਸੇਲ ਜੀ ਨੂੰ ਮਾਂ ਨੇ ਲੋਰੀਆਂ ਦਿਤੀਆਂ। ਗੁਰਬਾਣੀ ਦੀ ਸਿਖਿਆ ਦਿਤੀ। ਉਹਨਾਂ ਆਪਣੀ ਜੀਵਨ ਕਥਾ ਵਿਚ ਲਿਖਿਆ ਹੈ ਜੇ ਮੇਰੀ ਮਾਂ ਗੁਰਬਾਣੀ ਇਤਿਹਾਸ ਦੀਆਂ ਲੋਰੀਆਂ ਨਾ ਦਿੰਦੀ ਮੈ ਅੱਜ ਕੁਝ ਹੋਰ ਹੁੰਦਾ।

ਸ੍ਰੀ ਸਤਿੰਦਰ ਸਿੰਘ ਨੰਦਾ Assistant Director-

ਨੇ ਕਿਹਾ ਮੈਨੂੰ 1976 ਵਿਚ ਨੌਕਰੀ ਮਿਲੀ ਮੈਂ ਨਿਸ਼ਕਾਮ ਰੂਪ ਵਿਚ ਸੇਵਾ ਨਿਭਾਈ 1978 ਤੋਂ ਲੈ ਕੇ ਹਰ ਲਿਖਤ ਮੇਰੀ ਨਿਗ੍ਹਾ ਵਿਚੋਂ ਹੀ ਨਿਕਲਕੇ ਆਈ। ਹੋਰ ਵੀ ਬਹੁਤ ਸਾਰੀਆਂ ਕਿਤਾਬਾਂ ਲਿਖੀਆ ਹਨ। ਹੁਣ ਮੈਨੂੰ ਬਹੁਤ ਘਾਟਾ ਪਿਆ ਹੈ।

Sri Satguru Jagjit Singh Ji Elibrary NamdhariElibrary@gmail.com

ਡਾ. ਹਰਸ਼ਿੰਦਰ ਕੌਰ– ਨੇ ਆਖਿਆ ਦਰਦਾ ਦੀਆਂ ਕਹਾਣੀਆਂ ਨਹੀਂ ਮੁੱਕਦੀਆਂ ਸਨ। ਜੇ ਇਤਿਹਾਸ ਤੋਂ ਇਸ ਤਰ੍ਹਾਂ ਟੁੱਟ ਦੇ ਰਹੇ ਤਾਂ ਪੰਜਾਬ ਵਿਚ ਮੋਜੰਦੜੋ ਨਾ ਬਣ ਜਾਵੇ। ਕਿਤੇ ਨਾ ਕਿਤੇ ਸਾਡੇ ਵਿਚ ਕਮੀ ਰਹਿ ਗਈ ਹੈ। ਸ੍ਰੀ ਭੈਣੀ ਸਾਹਿਬ ਦਾ ਸੰਸਾਰ ਵਿਚ ਉਚਾ ਸਥਾਨ ਹੈ। ਇਥੇ ਸਿਰਲੱਥ ਕੌਮ ਸਿਰਜੀ ਹੈ। ਇਥੋਂ ਹੀ ਕੋਈ ਨਿਤਰੇਗਾ ਜੋ ਪੰਜਾਬ ਪੰਜਾਬੀਅਤ ਨੂੰ ਹਮੇਸ਼ਾਂ ਜਿੰਦਾ ਰੱਖੇਗਾ।

ਡਾ. ਪੰਧੇਰ– ਜੀ ਨੇ ਆਖਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਮਹਾਨ ਸਾਹਿਤਕਾਰ ਨੂੰ ਸੰਭਾਲਿਆ। ਉਹਨਾਂ ਨੇ ਵੀ ਇਸ ਦਰਬਾਰ ਦਾ ਲੜ ਨਹੀਂ ਛੱਡਿਆ।

ਡਾ. ਮਨਜੋਤ ਕੌਰ ਕਸੇਲ– ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਖਿਆ ਐਸੇ ਇਨਸਾਨ ਕਦੀ ਮਰਦੇ ਨਹੀਂ ਹਨ। ਉਹ ਮੈਨੂੰ ਹਮੇਸ਼ਾਂ ਕਹਿੰਦੇ ਸਨ ਤੈਨੂੰ ਗੌਰਵ ਹੈ ਤੂੰ ਕਿਰਪਾਲ ਸਿੰਘ ਦੀ ਬੇਟੀ ਹੈ। ਮੈਨੂੰ ਹਮੇਸ਼ਾਂ ਹੌਂਸਲਾ ਦਿੰਦੇ ਸਨ ਤੂੰ ਕਦੀ ਘਬਰਾਉਣਾ ਨਹੀਂ। ਡਾ. ਕਸੇਲ ਨੇ ਬੇਨਤੀ ਕੀਤੀ ਕਿ ਉਹਨਾਂ ਦੀਆਂ ਪੁਸਤਕਾਂ ਨੂੰ ਸੰਭਾਲਿਆ ਜਾਵੇ ਤੇ ਉਹਨਾਂ ਦੇ ਮਾਣ ਸਨਮਾਨ ਵੀ।

ਸੰਤ ਹਰਪਾਲ ਸਿੰਘ ਸੇਵਕ– ਨੇ ਆਖਿਆ ਕਿ ਕਸੇਲ ਜੀ ਇਕ ਨਿਤਨੇਮੀ ਗੁਰਸਿੱਖ ਸਨ। ਸਤਿਗੁਰੂ ਜਗਜੀਤ ਸਿੰਘ ਜੀ ਉਹਨਾਂ ਅੰਦਰ ਵਸਿਆ ਹੋਇਆ ਸੀ। ਇਹੋ ਜਿਹੀਆਂ ਰੂਹਾਂ ਸਵਰਗ ਵਿਚ ਬੈਠਦੀਆਂ ਨਹੀਂ ਮਾਂ ਬੋਲੀ ਦੀ ਸੇਵਾ ਕਰਮ ਵਾਸਤੇ ਵਾਰ-ਵਾਰ ਆਉਂਦੀਆਂ ਹਨ।

ਸ. ਗੁਰਭੇਜ ਸਿੰਘ ਗੁਰਾਇਆ– ਨੇ ਸਰਧਾਂਜ਼ਲੀ ਦਿੰਦਿਆ ਕਿਹਾ ਤਿੰਨੇ ਯੂਨੀਵਰਸਿਟੀਆਂ ਪੰਜਾਬੀ ਸਾਹਿਤ ਲਿਖਣ ਦਾ ਕੰਮ ਨਹੀਂ ਕਰ ਸਕੀਆਂ ਜੋ ਕਸੇਲ ਜੀ ਨੇ ਕੀਤਾ। ਪੰਜਾਬੀ ਇਤਿਹਾਸ ਦੀਆਂ 14 Volume ਛਾਪੀਆਂ। ਇਹ ਕਸੇਲ ਜੀ ਸਨ ਜਿੰਨਾਂ ਦੇ 17-18 ਰੀਪਰਿੰਟ ਹੋਏ।

ਡਾ: ਸੁਰਜੀਤ ਸਿੰਘ ਪਾਤਰ ਨੇ ਕਿਹਾ ਕਿ ਨਾਮਧਾਰੀ ਦਰਬਾਰ ਨੇ ਇਹਨਾਂ ਨੂੰ ਸੰਭਾਲਿਆ। ਮੇਰੇ ਤੇ ਵੀ ਇਹੋ ਜਿਹਾ ਵਕਤ ਆਇਆ, ਮੈਨੂੰ ਇਹੋ ਜਿਹੇ ਪਿਆਰ ਨਾਲ ਸੰਭਾਲਿਆ। ਮੈਂ ਸਤਿਗੁਰੂ ਜੀ ਦਾ ਧੰਨਵਾਦ ਕਰਦਾ ਦਾਂ। ਕਸੇਲ ਜੀ ਨੇ ਅੱਖਾਂ ਦੀ ਜੋਤ ਜਾਣ ਤੋਂ ਬਾਦ 62 ਪੁਸਤਕਾਂ ਲਿਖੀਆਂ। ਉਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਹੁਤ ਆਸਾਂ ਸਨ। ਇਹਨਾਂ ਸਭਨਾਂ ਨੇ ਧਰਮ ਤੋਂ ਇਕ ਰੋਸਨੀ ਲਈ ਧਰਮ ਨੂੰ ਕਿਸੇ ਪੈਂਤੜੇ ਵਜੋਂ ਨਹੀਂ ਵਰਤਿਆ। "ਸਰਬ ਧਰਮ ਮਹਿ ਸ੍ਰੇਸ਼ਟ ਧਰਮ" ਉਹ ਸਫਲ ਜੀਵਨ ਜੀ ਕੇ ਗਏ। ਥਿੜਕਦੀਆਂ ਕੌਮਾਂ ਨੂੰ ਕਵੀ ਸੰਭਾਲ ਲੈਂਦਾ ਹੈ।

ਸ੍ਰੀ ਸਤਿਗੁਰੂ ਜੀ ਨੇ ਕਸੇਲ ਜੀ ਬਾਰੇ ਉਪਦੇਸ਼ ਵਿਚ ਉਹਨਾਂ ਦੇ ਕੀਤੇ ਕੰਮਾਂ ਦੀ ਸਲਾਘਾ ਕੀਤੀ। ਆਏ ਹੋਏ ਸੱਜਣਾਂ ਦਾ ਧੰਨਵਾਦ ਕੀਤਾ।

ਇਕ ਘੰਟਾ ਨਿਤਨੇਮ ਸਤਿਗੁਰੂ ਜੀ ਦਾ ਪਵਿੱਤਰ ਟੇਪ ਉਪਦੇਸ ਅਤੇ ਹਜ਼ੂਰੀ ਰਾਗੀ ਸਿੰਘਾਂ ਨੇ ਕੀਰਤਨ ਗਾਇਨ ਕੀਤਾ। ਗੁਰੂ ਦਾ ਲੰਗਰ ਅਟੁੱਟ ਵਰਤਿਆ। ਇਸ ਤਰ੍ਹਾਂ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਕਸੇਲ ਜੀ ਦੀ ਯਾਦ ਵਿਚ ਮੇਲਾ ਮਨਾਇਆ ਗਿਆ ਜਿਸ ਵਿਚ ਉਹਨਾਂ ਦੇ ਕੀਤੇ ਕਾਰਜਾ ਦੀ ਸਲਾਘਾ ਕੀਤੀ ਗਈ

-ਗੁਰਦੇਵ ਸਿੰਘ ਚੀਮਾ

ਸੇਵਾਦਾਰ ਵਿਸ਼ਵ ਨਾਮਧਾਰੀ ਵਿ. ਜਥਾ

ਬਾਜ਼ਾਰ ਦਾ ਭੋਜਨ
ਨਾ ਸ਼ੁੱਧ ਹੁੰਦਾ ਹੈ
ਨਾ ਮਰਿਯਾਦਾ ਵਿੱਚ
ਆਉਂਦਾ ਹੈ ਫਿਰ
ਕਿਉਂ ਖਾਧਾ ਜਾਏ?

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਮਿਤੀ 4 ਜੂਨ 2019 ਦਿਨ ਮੰਗਲਵਾਰ 19 ਜੇਠ 2076 ਬਿਕ੍ਰਮੀ ਮੁਤਾਬਿਕ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਉਸਤਾਦ ਮਹਿਲ ਸਿੰਘ ਦੀ ਅਗਵਾਈ ਵਿੱਚ ਸਥਾਨਕ ਜਥੇ ਨੇ ਕੀਤਾ। ਵਾਰ ਦੀ ਸਮਾਪਤੀ ਉਪਰੰਤ ਅਮਰਾਸਰ ਸ. ਗੁਰਮੀਤ ਸਿੰਘ ਵੜੈਚ ਅਤੇ ਪ੍ਰਤਾਪ ਨਗਰ ਸੁਖਦੇਵ ਸਿੰਘ ਸੇਰਕੋਟੀਆ ਦੇ ਘਰ ਚਰਨ ਪਾਏ। ਪ੍ਰਤਾਪ ਨਗਰ ਹੀ ਬਣ ਰਹੇ ਜਗਜੀਤ ਮੰਦਰ ਵਿਚ ਦਰਸ਼ਨ ਦੇਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਐਲਨਾਬਾਦ ਸ. ਬਚਨ ਸਿੰਘ ਦੀ ਢਾਣੀ ਤੇ ਅਵਤਾਰ ਸਿੰਘ, ਗੁਰਦੇਵ ਸਿੰਘ, ਬਲਬੀਰ ਸਿੰਘ, ਸੁਰਜੀਤ ਸਿੰਘ ਲਾਲੇਪੁਰੀਆ, ਗੰਗਾ ਸਿੰਘ ਪੁੱਤਰ ਗੁਰਮੀਤ ਸਿੰਘ, ਗੁਰਬਚਨ ਸਿੰਘ, ਜਸਵੰਤ ਸਿੰਘ, ਕੁਲਵਿੰਦਰ ਸਿੰਘ ਅਤੇ ਸ. ਮਾਨ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕ੍ਰਿਪਾ ਕੀਤੀ। ਐਲਨਾਬਾਦ ਵਿਖੇ ਹੀ ਸ. ਜੋਗਿੰਦਰ ਸਿੰਘ ਦੇ ਅਖੰਡ ਪਾਠ ਦੇ ਭੋਗ ਤੇ ਦਰਸ਼ਨ ਦਿੱਤੇ ਅਤੇ ਸ. ਰਣਜੀਤ ਸਿੰਘ ਸੱਗੂ ਦੇ ਘਰ ਚਰਨ ਪਾਏ। ਵਾਪਸ ਮਸਤਾਨਗੜ੍ਹ ਹੁੰਦੇ ਹੋਏ ਕਰੀਵਾਲੇ ਸ. ਬਲਵੰਤ ਸਿੰਘ ਬੰਤੂ ਦੇ ਘਰ ਪ੍ਰਸ਼ਾਦਾ ਛਕਿਆ। ਦਮਦਮੇ ਸ. ਮਹਿੰਦਰ ਸਿੰਘ ਅਤੇ ਕਰੀਵਾਲੇ ਸ. ਹਰਦਾਸ ਸਿੰਘ ਦੇ ਘਰ ਚਰਨ ਪਾਏ। ਇਥੇ ਹੀ ਪਿੰਡ ਬਾਹੀਆ ਪਹੁੰਚੇ ਜਿਥੇ ਸ. ਕਸ਼ਮੀਰ ਸਿੰਘ, ਬਲਦੇਵ ਸਿੰਘ, ਸੇਵਾ ਸਿੰਘ, ਬਲਕਾਰ ਸਿੰਘ ਬੋਗਲ ਦੇ ਘਰ ਚਰਨ ਪਾਏ। ਵਾਪਸ ਸ੍ਰੀ ਭੈਣੀ ਸਾਹਿਬ ਲਈ ਆਉਂਦੇ ਰਸਤੇ ਵਿਚ ਮੰਡੀ ਡੱਬਵਾਲੀ ਸ. ਇਕਓਂਕਾਰ ਸਿੰਘ ਦੇ ਅਰਜ ਕਰਨ ਤੇ ਰੇਲਵੇ ਸਟੇਸ਼ਨ ਡੱਬਵਾਲੀ ਪਾਣੀ ਦੀ ਛਬੀਲ ਤੇ ਦਰਸ਼ਨ ਦਿੱਤੇ। ਰੇਲਵੇ ਸਟੇਸ਼ਨ ਦੇ ਅਧਕਾਰੀਆਂ ਅਤੇ ਕਰਮਚਾਰੀਆਂ ਨੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ। ਇਥੋਂ ਹੀ ਤਕਰੀਬਨ 12:30 ਵਜੇ ਸ੍ਰੀ ਭੈਣੀ ਸਾਹਿਬ ਵਾਸਤੇ ਵਾਪਸੀ ਲਈ ਚਾਲੇ ਪਾਏ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਇਲਾਕਾ ਦਸੂਹਾ ਜ਼ਿਲਾ ਹੁਸ਼ਿਆਰਪੁਰ ਦਾ ਦੌਰਾ

ਇਲਾਕਾ ਨਿਵਾਸੀਆਂ ਦੀ ਕਾਫੀ ਲੰਬੇ ਸਮੇਂ ਤੋਂ ਮੰਗ ਸੀ ਕਿ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਇਲਾਕਾ ਨਿਵਾਸੀ ਸਾਧ ਸੰਗਤ ਦੀ ਅਰਜ਼ ਨੂੰ ਪ੍ਰਵਾਨ ਕਰਦੇ ਹੋਏ ਦਰਸ਼ਨ ਦੇਣ ਦੀ ਕ੍ਰਿਪਾ ਕਰਨ। ਅਰਜ਼ ਮਨਜ਼ੂਰ ਹੋਈ ਅਤੇ ਸੂਬਾ ਗੁਲਜਾਰ ਸਿੰਘ ਮਹਿਮੂਦ ਪੁਰ ਵਾਲਿਆਂ ਦੀ ਅਗਵਾਈ ਵਿਚ ਸਾਧ ਸੰਗਤ ਨੇ ਉਪਰਾਲਾ ਕਰਕੇ ਪੂਜਨੀਕ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਮੇਲੇ ਦਾ ਪ੍ਰੋਗਰਾਮ ਉਲੀਕਿਆ ਗਿਆ। ਮਿਤੀ 5 ਜੂਨ 2019 ਦਿਨ ਬੁੱਧਵਾਰ 20 ਜੇਠ 2076 ਬਿਕ੍ਰਮੀ ਮੁਤਾਬਿਕ ਦਿੱਤੇ ਹੋਏ ਪ੍ਰੋਗਰਾਮ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਤੋਂ ਅੰਮ੍ਰਿਤ ਵੇਲੇ 3 ਵਜੇ ਚੱਲਕੇ ਮਹਿਮੂਦਪੁਰ ਵਿਖੇ ਆਸਾ ਦੀ ਵਾਰ ਦੇ ਕੀਰਤਨ ਵਿਚ ਦਰਸ਼ਨ ਦਿੱਤੇ। ਆਸਾ ਦੀ ਵਾਰ ਦਾ ਕੀਰਤਨ ਸ. ਜਸਪਾਲ ਸਿੰਘ ਜੱਸ ਦੀ ਅਗਵਾਈ ਵਿਚ ਫਗਵਾੜੇ ਦੀਆਂ ਬੱਚੀਆਂ ਦਾ ਜਥਾ ਕਰ ਰਿਹਾ ਸੀ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਸਭਨਾ ਆਦਰ ਸਹਿਤ ਮੱਥਾ ਟੇਕਿਆ ਸਾਧ ਸੰਗਤ ਦੀ ਹਾਜ਼ਰੀ ਭਰਪੂਰ ਸੀ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਵਿੱਚ ਸਾਧ ਸੰਗਤ ਨੂੰ ਆਪਣੇ ਬੱਚਿਆਂ ਨੂੰ ਅੰਮ੍ਰਿਤ ਵੇਲੇ ਉਠਾ ਕੇ ਸਣੇਕੇਸੀ ਇਸ਼ਨਾਨ ਕਰਨ ਅਤੇ ਨਾਮ ਸਿਮਰਨ ਨਾਲ ਜੁੜਨ ਦਾ ਹੁਕਮ ਕੀਤਾ। ਪੰਡਾਲ ਦੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਘਰਾਂ ਵਿਚ ਚਰਨ ਪਾਉਣ ਦੀ ਕ੍ਰਿਪਾ ਕੀਤੀ। ਪਿੰਡ ਮਹਿਮੂਦਪੁਰ ਸੂਬਾ ਗੁਲਜਾਰ ਸਿੰਘ, ਜਸਪਾਲ ਸਿੰਘ, ਨਿਸ਼ਾਨ ਸਿੰਘ, ਜਸਵੰਤ ਸਿੰਘ ਰੰਧਾਵਾ, ਦਿਲਬਾਗ ਸਿੰਘ, ਦੀਦਾਰ ਸਿੰਘ, ਬੇਅੰਤ ਸਿੰਘ, ਸੰਤੋਖ ਸਿੰਘ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ, ਸਰਪੰਚ ਦਿਲਬਾਗ ਸਿੰਘ ਅਤੇ ਇਨਸਪੈਕਟਰ ਪੰਜਾਬ ਪੁਲਿਸ ਜਰਨੈਲ ਸਿੰਘ ਦੇ ਘਰ ਚਰਨ ਪਾਏ। ਇਥੋਂ ਹੀ ਪਠਾਨਕੋਟ ਵਿਖੇ ਸ. ਕੁਲਵੰਤ ਸਿੰਘ ਦੇ ਸਪੁੱਤਰ ਅਨਮੋਲ ਦੀਪ ਸਿੰਘ ਨੂੰ ਦਰਸ਼ਨ ਦੇਣ ਲਈ ਪਠਾਨਕੋਟ ਦਰਸ਼ਨ ਦਿੱਤੇ ਅਤੇ ਅਨਮੋਲਦੀਪ ਸਿੰਘ ਦੀ ਤੰਦਰੁਸਤੀ ਦਾ ਅਸ਼ੀਰਵਾਦ ਦਿੱਤਾ। ਇਥੋਂ ਹੀ ਪਿੰਡ ਮੁਹੱਦਪੁਰ ਸ. ਚਰਨਜੀਤ ਸਿੰਘ, ਹਰਪ੍ਰੀਤ ਸਿੰਘ, ਦਵਿੰਦਰ ਸਿੰਘ, ਅਮਨਦੀਪ ਸਿੰਘ, ਗੁਰਦੇਵ ਸਿੰਘ, ਬਲਵਿੰਦਰ ਸਿੰਘ, ਪਿੰਡ ਕੋਲਪੁਰ ਪੂਰਨ ਸਿੰਘ, ਸੁਖਵਿੰਦਰ ਸਿੰਘ, ਬਲਬੀਰ ਸਿੰਘ, ਪਿੰਡ ਸਹੋਤਾ ਵਿਖੇ ਸਤਵਿੰਦਰ ਸਿੰਘ, ਧਨਵੰਤ ਸਿੰਘ, ਸੁਖਰਾਜ ਸਿੰਘ ਅਤੇ ਦਿਲਬਾਗ ਸਿੰਘ ਦੇ ਘਰ ਚਰਨ ਪਾਏ। ਪਿੰਡ ਬਹਿਬਲ ਵਿਖੇ ਦਰਸ਼ਨ ਸਿੰਘ, ਕੁਲਦੀਪ ਸਿੰਘ, ਨਿਰਮਲ ਸਿੰਘ, ਪਿੰਡ ਕਜਰਾ ਸਰੋਆਂ ਸੁਖਦੇਵ ਸਿੰਘ, ਜੋਗਿੰਦਰ ਸਿੰਘ ਦੇ ਘਰ ਚਰਨ ਪਾਏ। ਨੇੜੇ ਮਕੇਰੀਆਂ ਪਿੰਡ ਖਿੱਚੀਆਂ ਸ. ਪਰਦੀਪ

Sri Satguru Jagjit Singh Ji Elibrary NamdhariElibrary@gmail.com

ਸਿੰਘ ਪੁਰੇਵਾਲ, ਗੁਰਦੇਵ ਸਿੰਘ ਦਸੂਹਾ ਅੰਮ੍ਰਿਤ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ, ਪਿੰਡ ਅਹੀਆ ਪੁਰ ਵਿਖੇ ਸ. ਸਤਵਿੰਦਰ ਸਿੰਘ, ਗੁਰਚਰਨ ਸਿੰਘ, ਮਹਿੰਦਰ ਸਿੰਘ, ਹਰਦੇਵ ਸਿੰਘ, ਬਲਬੀਰ ਸਿੰਘ, ਪਿੰਡ ਅਕਬਰਪੁਰ ਸ. ਭੁਪਿੰਦਰ ਸਿੰਘ ਦੇ ਘਰ ਹੁੰਦੇ ਹੋਏ, ਰਾਣੀ ਪਿੰਡ ਵਿਖੇ ਜਥੇਦਾਰ ਪ੍ਰਭਜੀਤ ਸਿੰਘ ਦੇ ਘਰ ਦਰਸ਼ਨ ਦਿੱਤੇ ਜਿਥੇ ਜਲ ਪਾਣੀ ਛਕਿਆ। ਇਥੇ ਹੀ ਸ. ਦਲਜੀਤ ਸਿੰਘ ਦੇ ਘਰ ਚਰਨ ਪਾਏ। ਇਥੋਂ ਹੀ ਵਾਇਆ ਭੁਲੱਥ ਕਰਤਾਰਪੁਰ ਹੁੰਦੇ ਹੋਏ ਨਾਮਧਾਰੀ ਧਰਮਸ਼ਾਲਾ ਪ੍ਰੀਤ ਨਗਰ ਸੋਡਲ ਰੋਡ ਜਲੰਧਰ ਵਿਖੇ ਸ੍ਰੀ ਸਤਿਗੁਰੂ ਜੀ ਨੇ ਆਣ ਦਰਸ਼ਨ ਦਿੱਤੇ।

ਸੂਬਾ ਬਲਵਿੰਦਰ ਸਿੰਘ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਹਿਮਾਚਲ ਪ੍ਰਦੇਸ ਦਾ ਦੋ ਦਿਨਾ ਦੌਰਾ ਮੰਡੀ ਤੇ ਸੁੰਦਰ ਨਗਰ ਦਰਸ਼ਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੁਆਰਾ ਮੰਡੀ ਨਿਵਾਸੀ ਸਾਧ ਸੰਗਤ ਨੂੰ ਦਿੱਤੇ ਹੋਏ ਅਥਾਹ ਪਿਆਰ ਨੂੰ ਫਿਰ ਤੋਂ ਤਰੋਤਾਜਾ ਕਰਨ ਲਈ ਸਾਧ ਸੰਗਤ ਦੀ ਅਰਜ ਬੇਨਤੀ ਪ੍ਰਵਾਨ ਕਰਦੇ ਹੋਏ ਨਾਮਧਾਰੀ ਪੰਥ ਦੇ ਮੌਜੂਦਾ ਰਹਿਨੁਮਾਂ ਅਤੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਰੁਝੇਵੇਂ ਭਰੇ ਸਮੇਂ ਵਿਚੋਂ ਉਚੇਚੇ ਤੌਰ ਤੇ ਸਮਾਂ ਕੱਢ ਕੇ ਸਾਧ ਸੰਗਤ ਨੂੰ ਜਾ ਨਿਵਾਜਦੇ ਹਨ। ਮਿਤੀ 7 ਜੂਨ 2019 ਮੁਤਾਬਿਕ 24 ਜੇਠ 2076 ਦਿਨ ਸ਼ੁੱਕਰਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਚੰਡੀਗੜ੍ਹ ਤੋਂ ਹਵਾਈ ਰਸਤੇ ਕੁੱਲੂ ਪਹੁੰਚੇ ਜਿਥੇ ਆਪਣੇ ਕੁੱਝ ਨਿੱਜੀ ਰੁਝੇਵਿਆਂ ਕਾਰਨ ਅੱਜ ਦਾ ਦਿਨ ਆਪਣੀ ਦੁਨਿਆਵੀ ਖੇਤੀਬਾੜੀ ਅਤੇ ਬਾਗਾਂ ਨੂੰ ਨਿਹਾਰਦਿਆਂ ਬਤੀਤ ਕੀਤਾ। ਸ਼ਾਮ ਨੂੰ ਕੁੱਲੂ ਤੋਂ ਮੰਡੀ ਆਉਂਦਿਆਂ ਹੋਇਆ ਸ. ਸੰਤੋਖ ਸਿੰਘ ਦੇ ਸਪੁੱਤਰ ਸ. ਹੀਰਾ ਸਿੰਘ ਦੇ ਚੜਾਈ ਕਰ ਜਾਣ ਤੇ ਘਰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਜਿਕਰਯੋਗ ਹੈ ਕਿ ਸ. ਹੀਰਾ ਸਿੰਘ, ਬੀਬੀ ਕਮਲਜੀਤ ਕੌਰ ਪਤਨੀ ਸ. ਮਹਿਤਾਬ ਸਿੰਘ ਬੈਂਕੋਕ ਨਿਵਾਸੀ ਦੇ ਭਰਾ ਸਨ। ਬੀਬੀ ਕਮਲਜੀਤ ਕੌਰ ਵੀ ਸਮੇਤ ਪਰਿਵਾਰ ਬੈਂਕਾਂਕ (ਥਾਈਲੈਂਡ) ਤੋਂ ਪਹੁੰਚੇ ਹੋਏ ਸਨ। ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਨੂੰ ਦਰਸ਼ਨ ਦੇਣ ਉਪਰੰਤ ਉਸ ਅਕਾਲ ਪੁਰਖ ਦੇ ਭਾਣੇ ਨੂੰ ਮੰਨਣ ਦਾ ਹੁਕਮ ਕੀਤਾ। ਰਾਤ ਬਿਆਸ ਦਰਿਆ ਦੇ ਕੰਡੇ ਤੇ ਬਣੇ ਸਥਾਨ ਤੇ ਆਣ ਵਿਸ਼ਰਾਮ ਕੀਤਾ।

ਮਿਤੀ 8 ਜੂਨ 2019 ਮੁਤਾਬਿਕ 25 ਜੇਠ 2076 ਦਿਨ ਸ਼ਨੀਵਾਰ- ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰਤਨ ਜਵੈਲਰਜ਼ ਦੇ ਸਥਾਨ ਤੇ 4 ਵਜੇ ਅਰੰਭ ਹੋਇਆ। ਸ੍ਰੀ ਸਤਿਗੁਰੂ ਜੀ ਨੇ ਆਸਾ ਦੀ ਵਾਰ ਸਮੇਂ ਸਾਧ ਸੰਗਤ ਨੂੰ ਦਰਸ਼ਨ ਦਿੱਤੇ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਕੁਝ ਬੱਚਿਆਂ ਨੇ ਜਪੁਜੀ ਸਾਹਿਬ ਗੁਰਬਾਣੀ ਵਿਚੋਂ ਕੁੱਝ ਪੌੜੀਆਂ, ਰਹਿਤਨਾਮਾਂ ਪਾ: 12 ਵੀਂ, ਕੀਰਤਨ ਸੋਹਿਲਾ ਅਤੇ ਪ੍ਰਸ਼ਾਦਾ ਛਕਣ ਉਪਰੰਤ ਅਰਦਾਸ ਬੜੇ ਹੀ ਉਤਸ਼ਾਹ ਨਾਲ ਸਤਿਗੁਰੂ ਜੀ ਦੇ ਸਨਮੁੱਖ ਬੈਠ ਸੁਣਾਈਆਂ। ਲਾਂਗਰੀ ਵਰਿਆਮ ਸਿੰਘ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਸੀ ਅਰਜ ਕਰਨ ਤੇ ਪ੍ਰਸ਼ਾਦ ਪਾਣੀ ਛਕਣ ਉਪਰੰਤ ਕੁਝ ਸਰੀਰਾਂ ਦੀਆਂ ਅਰਜਾਂ ਸੁਨਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇੱਥੋਂ ਹੀ ਚੱਲ ਕੇ ਸ. ਨਰਾਇਣ ਸਿੰਘ ਪੁੱਤਰ ਪਰਗਟ ਸਿੰਘ, ਪ੍ਰਧਾਨ ਹਰਭਜਨ ਸਿੰਘ, ਬੀਬੀ ਅੰਮ੍ਰਿਤ ਕੌਰ, ਰਜਿੰਦਰਪਾਲ ਸਿੰਘ, ਤਿਰਲੋਕ ਸਿੰਘ ਅਰੋੜਾ, ਅੰਮ੍ਰਿਤਪਾਲ ਸਿੰਘ ਹਲਵਾਈ, ਨੇੜ ਚੌਂਕ ਪਰਮਜੀਤ ਸਿੰਘ ਸੇਠੀ, ਗੁਰਦੀਪ ਸਿੰਘ ਜੁਐਲਰ, ਅਨੂਪ ਸਿੰਘ, (ਬੀਬੀ ਸਵਰਨ ਕੌਰ ਦੇ ਚੜਾਈ ਕਰਨ ਤੇ) ਗੋਹਰ ਸੁਖਵੀਰ ਸਿੰਘ, ਸਰਬਜੀਤ ਕੌਰ ਅਤੇ ਪ੍ਰਿਤਪਾਲ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕ੍ਰਿਪਾ ਕੀਤੀ।

ਇਥੋ ਹੀ ਸ੍ਰੀ ਸਤਿਗੁਰੂ ਜੀ ਆਪਣੇ ਪੂਰੇ ਸਿੱਖਾਂ ਸੇਵਕਾਂ ਦੇ ਜਥੇ ਸਮੇਤ ਮਾਤਾ ਭੀਮਾਂ ਕਾਲੀ ਮੰਦਰ ਬਾਈਪਾਸ ਭਿਉਲੀ ਪਹੁੰਚੇ। ਜਿੱਥੇ ਸ. ਹੀਰਾ ਸਿੰਘ ਦੇ ਨਮਿਤ ਪਾਠ ਦਾ ਭੋਗ ਪੈਣਾ ਸੀ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸ. ਹਰਵਿੰਦਰ ਸਿੰਘ ਜੀ ਹੰਸਪਾਲ ਵੀ ਹਾਜਰ ਸਨ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਨਾਮ ਸਿਮਰਨ ਦੀ ਅਰਦਾਸ ਹੋਈ ਅਤੇ ਨਾਮ ਸਿਮਰਨ ਦੇ ਦੌਰਾਨ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਵਨ ਪਵਿੱਤਰ ਉਪਦੇਸ਼ ਸਰਵਣ ਕੀਤਾ। ਨੌਵੇਂ ਮਹੱਲੇ ਦੇ ਸਲੋਕ ਅਤੇ ਰਾਮਕਲੀ ਪੜ੍ਹਨ ਉਪਰੰਤ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਅਰਦਾਸ ਕਰ ਪਾਠ ਦਾ ਭੋਗ ਹੀਰਾ ਸਿੰਘ ਨਮਿਤ ਪਾਇਆ ਗਿਆ। ਹਜ਼ੂਰੀ ਰਾਗੀ ਜਥਾ ਸੰਤ ਹਰਬੰਸ ਸਿੰਘ ਘੁੱਲਾ ਜੀ ਦੀ ਅਗਵਾਈ ਵਿਚ ਪਿਛਲੇ ਪਹਿਰ ਦੇ ਦੀਵਾਨ ਦਾ ਸ਼ਬਦ ਪੜਿਆ ਗਿਆ। ਭੋਗ ਉਪਰੰਤ ਜਥੇਦਾਰ ਸਾਧਾ ਸਿੰਘ ਦੀ ਅਨਾਊਸ ਮੈਂਟ ਤੇ ਮੰਡੀ ਦੇ ਨੌਜਵਾਨ, ਬੱਚੇ ਤੇ ਬੱਚੀਆਂ ਦਰਿਆ ਦੇ ਕੰਡੇ ਕੋਠੀ ਵਾਲੇ ਨਿਵਾਸ ਤੇ ਉਚੇਚੇ ਤੌਰ ਤੇ ਬੁਲਾਏ ਗਏ। ਜਿਥੇ ਸਭਨਾਂ ਨੇ ਸ੍ਰੀ ਸਤਿਗੁਰੂ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਦੇ ਸੰਗ ਬੈਠ ਕੇ

ਕੁਝ ਬਚਨ ਬਿਲਾਸ ਕੀਤੇ ਅਤੇ ਇਥੇ ਹੀ ਬੱਚੇ ਅਤੇ ਬੱਚੀਆਂ ਦੀਆਂ ਦੌੜਾਂ ਵੀ ਕਰਵਾਈਆਂ ਗਈਆਂ। ਬੱਚੇ-ਬੱਚੀਆਂ ਨੇ ਇਸ ਪਿਕਨਿਕ ਟਾਇਮ ਪ੍ਰੋਗਰਾਮ ਦਾ ਭਰਪੂਰ ਅਨੰਦ ਮਾਣਿਆ। ਇਥੋਂ ਹੀ ਹਨ੍ਹੇਰਾ ਹੋਣ ਉਪਰੰਤ ਸ. ਭਜਨ ਸਿੰਘ ਜਿਹਨਾਂ ਨੇ ਸਮੇਤ ਪਰਿਵਾਰ ਕੋਠੀ ਵਾਲੇ ਸਥਾਨ ਤੇ ਲਗਾਤਾਰ 18 ਸਾਲਾ ਨਾਲ ਸੇਵਾ ਕੀਤੀ ਬੀਬੀ ਦੇ ਬੜੇ ਜੋਰ ਨਾਲ ਅਰਜ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ ਉਹਨਾਂ ਦੇ ਨਵੇ ਬਣੇ ਗ੍ਰਿਹਿ ਵਿਖੇ ਚਰਨ ਪਾਉਣ ਦੀ ਕ੍ਰਿਪਾ ਕੀਤੀ। ਇਥੇ ਹੀ ਸ. ਹਰਭਜਨ ਸਿੰਘ ਬਿਜਲੀਵਾਲਾ ਹਰਜੀਤ ਸਿੰਘ ਪੁੱਤਰ ਮੋਹਨ ਸਿੰਘ ਜਵਾਹਰ ਨਗਰ ਦੇ ਘਰ ਚਰਨ ਪਾਏ ਅਤੇ ਰਾਤ ਆਪਣੇ ਡੇਰੇ ਕੋਠੀ ਆਣ ਵਿਸ਼ਰਾਮ ਕੀਤਾ।

9 ਜੂਨ 2019 ਦਿਨ ਐਤਵਾਰ ਮੁਤਾਬਿਕ 26 ਜੇਠ 2076- ਸਵੇਰੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਜੀ ਘੁੱਲਾ, ਸ਼ਾਮ ਸਿੰਘ ਅਤੇ ਤਬਲੇ ਤੇ ਸੁਰਿੰਦਰ ਸਿੰਘ ਮੰਡੀ ਅਤੇ ਨਰਿੰਜਨ ਸਿੰਘ ਨੇ ਕੀਤਾ। ਅੱਜ ਦੀ ਆਸਾ ਦੀ ਵਾਰ ਨਾਮਧਾਰੀ ਧਰਮਸ਼ਾਲਾ ਸੁੰਦਰ ਨਗਰ ਵਿਖੇ ਹੋਈ। ਵਾਰ ਉਪਰੰਤ ਛੋਟੇ ਬੱਚੇ ਗਿਆਨ ਸਿੰਘ ਤੇ ਗਗਨ ਕੌਰ ਪੁੱਤਰ ਪੁੱਤਰੀ ਸੂਬਾ ਮਨਜੀਤ ਸਿੰਘ ਨੇਰ ਚੌਂਕ ਨੇ ਐਸੀ ਪ੍ਰੀਤ ਕਰੋ ਮਨ ਮੇਰੇ ਸ਼ਬਦ ਗਾਇਨ ਕੀਤਾ। ਬੱਚੀ ਰਸਮੀਤ ਕੌਰ ਪੁੱਤਰੀ ਰਣਜੀਤ ਸਿੰਘ ਨੇ ਕਵਨ ਸੰਜੋਗ ਮਿਲੋ ਪ੍ਰਭ ਆਪਣੇ ਸ਼ਬਦ ਗਾਇਨ ਕੀਤਾ। ਉਪਰੰਤ ਸ. ਹਰਮੀਤ ਸਿੰਘ ਜੋਨੀ ਨੇ ਸੁੰਦਰ ਨਗਰ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ 25 ਸਾਲ ਪਹਿਲਾਂ ਅਰੰਭ ਹੋਈ ਨਾਮ ਸਿਮਰਨ ਦੀ ਅਖੰਡ ਵਰਨੀ ਦਾ ਇਤਿਹਾਸਿਕ ਬਚਨ ਜੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਵਿੱਤਰ ਰਸਨਾ ਤੋਂ ਕੀਤਾ ਸੀ ਸਾਧ ਸੰਗਤ ਨਾਲ ਸ੍ਰੀ ਸਤਿਗੁਰੂ ਜੀ ਨੇ ਹਜ਼ੂਰ ਸਾਂਝਾ ਕੀਤਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਵਿੱਤਰ ਉਪਦੇਸ ਦੇਣ ਦੀ ਕ੍ਰਿਪਾ ਕੀਤੀ ਅਤੇ ਸਾਧ ਸੰਗਤ ਨੂੰ ਹੁਕਮ ਕੀਤਾ ਕਿ ਅੱਜ ਕੱਲ੍ਹ ਦੀ ਫੈਸ਼ਨ ਪ੍ਰਸਤੀ ਤੋਂ ਬਚਿਆ ਜਾਵੇ। ਸਾਫ ਸੁਥਰਾ ਅਤੇ ਸਾਦਾ ਜੀਵਨ ਬਤੀਤ ਕਰਨ ਦਾ ਹੁਕਮ ਕੀਤਾ। ਭੋਗ ਉਪਰੰਤ ਸੁੰਦਰ ਨਗਰ ਵਿਖੇ ਹੀ ਸ. ਹਰਦੀਪ ਸਿੰਘ, ਗੁਰਦੇਵ ਸਿੰਘ, ਜਗਦੀਸ ਸਿੰਘ, ਗੁਰਮੀਤ ਸਿੰਘ ਐਨਕਾਂ ਵਾਲੇ ਅਤੇ ਪ੍ਰੋਫੈਸਰ ਸੁਰਿੰਦਰਪਾਲ ਸਿੰਘ ਸਚਦੇਵਾ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਇਸੇ ਤਰ੍ਹਾਂ ਸਾਧ ਸੰਗਤ ਵਿੱਚ ਵਿਚਰਦੇ ਹੋਏ ਸਿੱਖਾਂ ਸੇਵਕਾਂ ਨੂੰ ਮਿਲਦੇ ਹੋਏ ਵਾਪਸੀ ਲਈ ਸ੍ਰੀ ਭੈਣੀ ਸਾਹਿਬ ਲਈ ਅਰਦਾਸਾਂ ਕਰ ਚਾਲੇ ਪਾਏ ਅਤੇ ਰੋਪੜ ਦੇ ਰਸਤੇ ਹੁੰਦੇ ਹੋਏ ਦੁਪਹਿਰ ਦੇ ਨਾਮ ਸਿਮਰਨ ਸਮੇਂ ਸ੍ਰੀ ਭੈਣੀ ਸਾਹਿਬ ਆਣ ਸਾਧ ਸੰਗਤ ਨੂੰ ਦਰਸ਼ਨ ਦਿੱਤੇ।

ਸੂਬਾ ਬਲਵਿੰਦਰ ਸਿੰਘ ਝੱਲ

श्री भैणी साहिब में तीन दिवसीय तबला कार्यशाला।

श्री सतगुरु जगजीत सिंह जी और श्री सतगुरु उदय सिंह जी की कृपा से नामधारी विद्यक जत्था श्री भैणी साहिव द्वारा नामधारी कला केंद्र श्री भैणी साहिव में दिनांक **5,6,**और **7** जुलाई को तीन दिवसीय निशुल्क तवला कार्यशाला का आयोजन किया गया ।इस आयोजन का मुख्य उद्देश्य श्री सतगुरु जगजीत सिंह जी के शास्त्रीय संगीत के प्रति प्रेम को युवाओं तक पहुंचना और युवा प्रतिभाओं को भारतीय शास्त्रीय संगीत के प्रति और अधिक जागरूक करना था। कार्यशाला का शुभारंभ संत गुरदेव सिंह चीमा प्रधान जी ने सतगुरु जी के चरणों में अरदास कर के किया।तवला कार्यशाला में श्री भैणी साहिव के अलावा लुधियाना, जालंधर, बटाला, होशियारपुर शहरों से नामधारी और गैर नामधारी युवा तबला विद्यार्थियों ने भाग लिया। श्री भैणी साहिव में पिछले **26** वर्षों से तवला शिक्षक के रूप में अपनी सेवा दे रहे श्री राजेश कुमार मालवीय जी ने कार्यशाला में उपस्थित युवा पीढ़ी के तवला विद्यार्थियों को अपने सांगीतिक ज्ञान और अनुभव से मार्गदर्शन प्रदान किया। इस तीन दिवसीय तबला कार्यशाला में श्री राजेश जी ने लय कि सूक्ष्मता और कायदों की संरचना और विस्तार पर बहुत ही विस्तार से चर्चा की।कार्यशाला की विशेष बात यह थी कि तीनों दिन सुबह के सत्र में दस बजे से डेढ़ बजे तक और शाम के सत्र में चार बजे से साढ़े सात बजे तक लगभग सात घंटे की संगीत साधना का लाभ सभी विद्यर्थियों ने उठाया। कार्यशाला के अंतिम दिन मुंबई से पधारे उस्ताद अता हुसैन खान साहेब के शागिर्द सरदार मंजीत सिंह विर्दी जी ने विद्यार्थियों को अपनी शुभकामनाएं प्रदान की । इस आयोजन से उत्साहित सभी विद्यार्थियों ने यह सिलसिला प्रति माह जारी रखने की इच्छा ज़ाहिर की।श्री सतगुरु जी की कृपा से रविवार की शाम को तीन दिवसीय तबला कार्यशाला का समापन हुआ।

-हरकीरत सिंह

Sri Satguru Jagjit Singh Ji Elibrary NamdhariElibrary@gmail.com

Matrimonial Adver.

ਲੜਕਾ ਉਮਰ- 25 ਸਾਲ, ਕੱਦ- 5'8"
ਕਿੱਤਾ- ਖੇਤੀਬਾੜੀ, ਪੜਾਈ- B.A Comp. Diploma
ਗੁਰਸਿੱਖ ਲੜਕੀ ਦੀ ਜਰੂਰਤ ਹੈ।
ਸੰਪਰਕ- 7526820844, 6239864645

ਲੜਕਾ- ਉਮਰ, 29 ਸਾਲ, ਕੱਦ- 6 ਫੁੱਟ
ਯੋਗਤਾ- Master in Computer Science
ਕਿਤਾ- working as Software Developer
ਸੰਪਰਕ ਕਰੋ- Whats App No- 9415752772
America, U.K.

ਲੜਕੀ- ਉਮਰ- 26 ਸਾਲ, ਕੱਦ 5'10"
ਕਿੱਤਾ- Working as Officer in IOCL
ਸੰਪਰਕ- 7589422459
ਕਪੂਰਥਲਾ

ਲੜਕਾ- ਉਮਰ 34 ਸਾਲ, ਕੱਦ- 5'8"
ਯੋਗਿਤਾ- B.com
ਕਿੱਤਾ- A.C/ Coolars/ Motors Manufacturing
ਸੰਪਰਕ- 931385835, 9035919135
New Delhi

ਲੜਕੀ- 36 ਸਾਲ, ਕੱਦ- 5'4"
ਯੋਗਤਾ- M.B.A (HR FINACE) B.ed
ਕਿੱਤਾ- Service
ਸੰਪਰਕ- 8800376180-9910624559
ਗਾਜ਼ੀਆਬਾਦ, ਸਾਹਿਬਾਬਾਦ

ਲੜਕਾ- 26 ਸਾਲ, ਕੱਦ- 5-10
ਯੋਗਤਾ- B.A, ITI Diploma in Carpainter
ਕਿੱਤਾ- Settlement in Canada
ਸੰਪਰਕ- 7986414371
Whats App- 8054599169
Ludhiana, Canada

ਲੜਕਾ- 33 ਸਾਲ, ਕੱਦ- 5'8"
ਯੋਗਤਾ- B.Com (MBA)
ਕਿੱਤਾ- Service in Havells
ਸੰਪਰਕ- 8957389611
ਕਾਨਪੁਰ

ਲੜਕਾ- 32 ਸਾਲ, ਕੱਦ- 5'5"
ਯੋਗਤਾ- BSC Computer Diploma Digital Electronics
ਸੰਪਰਕ- 9910100111

ਲੜਕੀ- 25 ਸਾਲ, ਕੱਦ- 5'4"
ਯੋਗਤਾ- MBA
ਕਿਤਾ- Service in American Company (Pune)
ਸੰਪਰਕ- 9417397898
ਲੁਧਿਆਣਾ

ਵਾਰਸ਼ਿਕ ਵਿਦਿਅਕ ਸੰਮੇਲਨ ਦੀਆਂ ਝਲਕੀਆਂ 27 ਤੋਂ 30 ਜੂਨ 2019 ਸ੍ਰੀ ਭੈਣੀ ਸਾਹਿਬ

Sri Satguru Jagjit Singh Ji Elibrary NamdhariElibrary@gmail.com